# ਬਿਰਹਾ ਸਾਡੇ ਵਿਹੜੇ

-ਰਾਜਾ ਚਿੱਟੀ



# ਬਿਰਹਾ ਸਾਡੇ ਵਿਹੜੇ

*(ਕਾਵਿ-ਸੰਗ੍ਰਹਿ)*

# ਬਿਰਹਾ ਸਾਡੇ ਵਿਹੜੇ

ਰਾਜਾ ਚਿੱਟੀ

☎ 0181-2214196

ਦੀਪਕ ਪਬਲਿਸ਼ਰਜ

ਮਾਈ ਹੀਰਾਂ ਗੇਟ, ਜਲੰਧਰ-144 008

**Edition : 2024**

**BIRHA SAADE VEHRE**
**By**
**RAJA CHITTI**

**ISBN 978-81-971843-0-7**

**© Reserved**

***Published by***

**DEEPAK PUBLISHERS**
**Mai Hiran Gate, Jalandhar-144 008**
**Ph : 0181-2214196**
**E-mail : deepakpublisher@yahoo.com**

***Printed at***

**Balaji Offset**
**Delhi**

**Price : Rs. 250**

All rights Reserved

This book is sold subject to the condition that it shall not, by way of trade or otherwise, be rent, resold, hired out, or otherwise circulated without the publisher's prior written consent in any form of binding or cover other then in which it is published and without a similar condition including this condition bering imposed on the subsequent purchaser and without limiting the rights under copyright reserved above, no part of this publication my be reproduced, stored in or introduced into a retrieval system or transmitted in any form or by any means (electronic, mechanical, photocopying, recording or otherwise), without the period written permission of both the copyright owner and the above mentioned publisher of this book.

# ਸਮਰਪਣ

ਰੂਹਾਨੀਅਤ ਦੇ ਨਾਂਅ

# ਛੋਟੀ ਉਮਰੇ ਵੱਡੀਆਂ ਆਸਾਂ

ਮੇਰੇ ਲਈ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਮੇਰੇ ਪਿੰਡ ਚਿੱਟੀ ਦੇ ਪੁਲਸ ਮਹਿਕਮੇ 'ਚੋਂ ਸਹਾਇਕ ਸਬ ਇਨਸਪੈਕਟਰ ਦੇ ਅਹੁਦੇ ਤੋਂ ਹੁਣੇ-ਹੁਣੇ ਸੇਵਾ ਮੁਕਤ ਹੋਏ ਮੇਰੇ ਦੋਸਤ ਸੁਰਜੀਤ ਸਹੋਤਾ ਦਾ ਸਪੁੱਤਰ, ਰਾਜਾ ਨਾਂਅ ਦਾ ਨੌਜਵਾਨ, ਕਵਿਤਾਵਾਂ ਲਿਖ ਕੇ ਮੇਰੇ ਕੋਲ ਲਿਆਇਆ। ਉਸ ਦੀਆਂ ਲਿਖੀਆਂ ਕਵਿਤਾਵਾਂ ਵਿੱਚ ਬਹੁ-ਪਸਾਰੀ ਪ੍ਰਤਿਭਾ ਤੇ ਨਿਖਾਰ ਦੇਖ ਕੇ ਮੈਂ ਬਹੁਤ ਹੈਰਾਨ ਹੋਇਆ। ਏਨੀ ਛੋਟੀ ਉਮਰ ਵਿੱਚ ਸਾਹਿਤ ਨਾਲ ਜੁੜਨ ਲਈ ਲਿਖਣ ਦੀ ਚੇਟਕ ਲੱਗ ਜਾਣੀ ਇਸ ਨੌਜਵਾਨ ਲਈ ਸ਼ੁੱਭ ਸੰਕੇਤ ਹਨ। ਛੇਤੀ ਸਮਝ ਵਿੱਚ ਆਉਣ ਵਾਲੀਆਂ ਮੁੱਲਵਾਨ ਰਚਨਾਵਾਂ ਦੇਖ ਕੇ ਉਸ ਦੀ ਲਗਨ, ਮਿਹਨਤ, ਹਿੰਮਤ, ਸੁਚੇਤ ਦਿਮਾਗ਼, ਸਾਹਸ ਤੇ ਸੰਜੀਦਾ ਕੋਸ਼ਿਸ਼ ਦੀ ਦਾਦ ਦੇਣੀ ਤੇ ਪ੍ਰਸੰਸਾ ਕਰਨੀ ਜ਼ਰੂਰ ਬਣਦੀ ਹੈ। ਅਸਲ ਵਿੱਚ ਸਰੋਦੀ ਤੇ ਕਾਵਿ ਗੁਣਾਂ ਨਾਲ ਭਰਪੂਰ ਰਚਨਾਵਾਂ ਕਦੇ-ਕਦੇ ਹੀ ਲਿਖ ਹੁੰਦੀਆਂ ਹਨ। ਚੰਗੀਆਂ ਲਿਖਤਾਂ ਪੜ੍ਹਨ ਵਾਲੇ ਦੀ ਜ਼ਿੰਦਗੀ ਦਾ ਰੰਗ-ਰੂਪ ਬਦਲਣ ਦੀ ਸਮਰੱਥਾ ਰੱਖਦੀਆਂ ਹਨ। ਰਾਜਾ ਚਿੱਟੀ ਦੀਆਂ ਕਵਿਤਾਵਾਂ ਵਿੱਚ ਮੌਲਿਕਤਾ ਤੇ ਰੋਚਿਕਤਾ ਉਸਦੇ ਪਹਿਲੇ ਕਾਵਿ-ਸੰਗ੍ਰਹਿ ਵਿੱਚ ਪੜ੍ਹ ਕੇ ਲੱਗਦਾ ਹੈ ਕਿ ਭਵਿੱਖ ਵਿੱਚ ਹੋਰ ਵੀ ਵਧੀਆ ਤੇ ਉੱਚ-ਪਾਏ ਦੀਆਂ ਕਵਿਤਾਵਾਂ ਲਿਖਣ ਦੀਆਂ ਚੰਗੀਆਂ ਸੰਭਾਵਨਾਵਾਂ ਨਜ਼ਰ ਆਉਂਦੀਆਂ ਹਨ।

ਵੰਨ-ਸੁਵੰਨਤਾ, ਸਰਲਤਾ ਤੇ ਗੁਰਮੁਖੀ ਭਾਸ਼ਾ ਦੀ ਸਪੱਸ਼ਟਤਾ ਦਾ ਪੂਰਾ ਖ਼ਿਆਲ ਰੱਖ ਕੇ ਉਨ੍ਹਾਂ ਨੇ ਕਵਿਤਾਵਾਂ ਦੀ ਰਚਨਾ ਕੀਤੀ ਹੈ। ਉਸ ਕੋਲ ਲਿਖਣ ਲਈ ਸ਼ਬਦਾਂ ਦਾ ਵੀ ਅਮੁੱਕ ਭੰਡਾਰ ਹੈ। ਰਾਜੇ ਚਿੱਟੀ ਨਾਲ

ਵਾਸਤਾ ਪਿਆਂ ਬਹੁਤਾ ਚਿਰ ਨਹੀਂ ਹੋਇਆ। ਬੱਸ ਇਸ ਕਿਤਾਬ ਲਈ ਲਿਖੀਆਂ ਇਨ੍ਹਾਂ ਕਵਿਤਾਵਾਂ ਨਾਲ ਹੀ ਸਬੱਬ ਬਣਿਆਂ ਤੇ ਸਾਡੀ ਇਕ ਦੂਜੇ ਨਾਲ ਪਛਾਣ ਬਣ ਗਈ। ਉਸ ਦੀ ਪਹਿਲੀ ਕਿਤਾਬ 'ਬਿਰਹਾ ਸਾਡੇ ਵਿਹੜੇ' ਵਿੱਚ ਸੋਹਣੇ ਬੋਲ ਹਨ—

ਬਿਰਹਾ ਸਾਡੇ ਗਲ਼ ਵਿੱਚ ਲਟਕੇ
ਬਿਰਹਾ ਸਾਡੇ ਅੱਖੀਂ
ਖ਼ੁਸ਼ੀਆਂ ਤੇਰੇ ਹੱਕ ਵਿੱਚ ਬੋਲਣ
ਬਿਰਹਾ ਸਾਡੇ ਪੱਖੀਂ

ਇਸ ਕਾਵਿ-ਸੰਗ੍ਰਹਿ ਨਾਲ ਪੰਜਾਬੀ ਸਾਹਿਤ ਜਗਤ ਵਿੱਚ ਸ਼ਲਾਘਾਯੋਗ ਵਾਧਾ ਮੰਨਿਆ ਜਾਵੇਗਾ। ਵਿਸ਼ਿਆਂ ਦੀ ਵੰਨ-ਸੁਵੰਨਤਾ ਨਿਭਾਉਣ ਦੀ ਉਸ ਕੋਲ ਪੂਰੀ ਸਮਝ ਹੈ ਤੇ ਉਸ ਦੀ ਪਹਿਲੀ ਕਿਤਾਬ 'ਬਿਰਹਾ ਸਾਡੇ ਵਿਹੜੇ' ਪੰਜਾਬੀ ਕਵਿਤਾ ਦੇ ਪਾਠਕਾਂ ਨੂੰ ਇਕ ਨਵਾਂ ਕਾਵਿ-ਬੋਧ ਪ੍ਰਦਾਨ ਕਰੇਗੀ।

ਰਾਜਾ ਚਿੱਟੀ ਨੇ ਕੁਝ ਖੁੱਲ੍ਹੀਆਂ ਕੁਝ ਤੁਕਾਂਤ-ਬੱਧ ਕਵਿਤਾਵਾਂ ਤੇ ਕੁਝ ਗ਼ਜ਼ਲਾਂ ਇਸ ਕਿਤਾਬ ਵਿੱਚ ਸ਼ਾਮਲ ਕੀਤੀਆਂ ਹਨ। ਉਂਝ ਰਸ, ਲੈਅ, ਤੋਲ-ਵਜ਼ਨ ਦਾ ਪੂਰਾ ਖ਼ਿਆਲ ਰੱਖ ਕੇ ਸਿਰਜਣਾ ਕੀਤੀ ਹੈ। ਤੁਕ-ਬੰਦੀ ਵਾਲ਼ੀ ਕਵਿਤਾ, ਗੀਤ ਜਾਂ ਗ਼ਜ਼ਲ ਲਿਖਣ ਲਈ ਕਈ ਵਾਰ ਜ਼ਿਆਦਾ ਮਿਹਨਤ ਨਾਲ ਦਿਮਾਗ਼ ਲੜਾਉਣ ਦੀ ਲੋੜ ਪੈਂਦੀ ਹੈ। ਪਾਠਕਾਂ ਦੇ ਬੌਧਿਕ ਤੇ ਮਾਨਸਿਕ ਵਿਕਾਸ ਦੇ ਨਾਲ-ਨਾਲ ਉਨ੍ਹਾਂ ਦੀ ਰੁਚੀ ਦਾ ਵੀ ਉਚੇਚੇ ਤੌਰ 'ਤੇ ਧਿਆਨ ਰੱਖਣਾ ਪੈਂਦਾ ਹੈ। ਪਾਠਕਾਂ ਨੂੰ ਰੁਝੇਂਵਿਆਂ ਵਿੱਚੋਂ ਸਮਾਂ ਕੱਢ ਕੇ ਕਵਿਤਾ ਨੂੰ ਪੜ੍ਹਨਾ ਖ਼ੂਬਸੂਰਤ ਤੇ ਚੰਗਾ ਲੱਗਦਾ ਹੈ। ਸਾਹਿਤ ਵਿੱਚ ਵਧੀਆ ਤੇ ਉਸਾਰੂ ਵਿਚਾਰ ਹਰ ਇਕ ਨੂੰ ਚੰਗੇ ਰਾਹਾਂ ਵੱਲ ਤੋਰਦੇ ਹਨ। ਇਹ ਵੀ ਗੱਲ ਹੈ ਕਿ ਵਿਚਾਰ ਸਦਾ ਇਕ ਥਾਂ ਕਦੇ ਵੀ ਨਹੀਂ ਠਹਿਰਦੇ।

ਇੱਥੇ ਮੈਂ ਇਹ ਗੱਲ ਵੀ ਲਿਖਣੀ ਵਾਜਬ ਸਮਝਦਾ ਹਾਂ ਕਿ ਜੇ ਰਾਜੇ ਨੂੰ

ਵਿੱਚ ਕੁਝ ਸ਼ਬਦ ਲਿਖਣ ਲਈ ਮੈਨੂੰ ਸੁਭਾਗਾ ਮੌਕਾ ਦੇ ਕੇ ਮੇਰਾ ਮਾਣ ਵਧਾਇਆ ਤੇ ਏਡਾ ਵੱਡਾ ਸਤਿਕਾਰ ਦਿੱਤਾ, ਇਸ ਸਾਰੇ ਕੁਝ ਲਈ ਮੈਂ ਦੁਬਾਰਾ ਧੰਨਵਾਦ ਕਰਨੋਂ ਨਹੀਂ ਰਹਿ ਸਕਦਾ। ਰਾਜਾ ਚਿੱਟੀ ਨੇ ਜਿਸ ਪਾਰਖੂ ਸੋਚ ਤੇ ਸਾਹਸ ਨਾਲ ਪੁਸਤਕ ਛਾਪਣ ਦੇ ਇਸ ਵੱਡੇ ਕਾਰਜ ਨੂੰ ਸਿਰੇ ਚੜ੍ਹਾਇਆ ਹੈ, ਮੈਨੂੰ ਪੂਰੀ ਆਸ ਹੈ ਕਿ ਉਸ ਦੀਆਂ ਕਵਿਤਾਵਾਂ ਦੇ ਵੰਨ-ਸੁਵੰਨੇ ਰੰਗ-ਰੂਪ ਸਾਰੇ ਪਾਠਕਾਂ ਨੂੰ ਜ਼ਰੂਰ ਪਸੰਦ ਆਉਣਗੇ ਤੇ ਉਹ ਲੇਖਕ ਨੂੰ ਕਿਤਾਬ ਬਾਰੇ ਆਪਣੇ ਵਡਮੁੱਲੇ ਤੇ ਉਸਾਰੂ ਸੁਝਾਅ ਉਸ ਨਾਲ ਸਿੱਧਾ ਰਾਬਤਾ ਕਾਇਮ ਕਰਕੇ ਜ਼ਰੂਰ ਦੇਣਗੇ—ਭੁੱਲਿਓ ਨਾ ਜ਼ਰੂਰ ਚੇਤੇ ਰੱਖਿਓ!

*ਮਾਸਟਰ ਆਤਮਾ ਸਿੰਘ ਚਿੱਟੀ*
*ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਪੁਰਸਕਾਰ*
*ਨਾਲ ਸਨਮਾਨਿਤ*
*20 ਮਾਰਚ 2024* *ਪਿੰਡ ਤੇ ਡਾਕਖ਼ਾਨਾ ਚਿੱਟੀ*
*ਜ਼ਿਲ੍ਹਾ ਜਲੰਧਰ-144028*
*ਮੋਬਾਇਲ : 99884-69564, 98885-640267*
*ਈ ਮੇਲ : chitti_poet@yahoo.com*

# ਕੁਝ ਸ਼ਬਦ ਲੇਖਕ ਵੱਲੋਂ

ਮੈਂ ਕਦੇ ਵੀ ਆਪਣੇ ਆਪ ਨੂੰ ਇੱਕ ਸ਼ਾਇਰ ਦਾ ਦਰਜਾ ਨਹੀਂ ਦੇ ਸਕਦਾ। ਸ਼ਾਇਰ ਭਾਵ ਲਿਖਾਰੀ ਬਹੁਤ ਹੀ ਸੁਲਝਿਆ, ਭਾਵਨਾਵਾਦੀ ਅਤੇ ਸਥਿਰ ਬੁੱਧੀ ਦਾ ਮੁਹਤਾਜ ਹੁੰਦਾ ਹੈ। ਮੈਂ ਰਾਜਾ, ਕਦੇ ਕਦੇ ਲੱਗਦਾ ਹੈ ਕਿ ਮੈਂ ਸਿਰਫ਼ ਨਾਂ ਦਾ ਰਾਜਾ ਹਾਂ ਅਤੇ ਦਿਲ ਦਾ ਇੱਕ ਨਿਹਾਇਤ ਗ਼ਰੀਬ ਆਦਮੀ ਜੋ ਕਦੇ ਕਿਸੇ ਦੀ ਭਾਵਨਾ ਨੂੰ ਸਮਝਣ ਵਿੱਚ ਭੁੱਲ ਕਰਦਾ ਹੈ ਅਤੇ ਕਦੇ ਮਨ ਵਿੱਚ ਸਵਾਰਥ ਦੀ ਭਾਵਨਾ ਲੈ ਘੁੰਮਦਾ ਹੈ। ਪਰ ਮੇਰੀ ਜ਼ਿੰਦਗੀ ਵਿੱਚ ਇੱਕ ਹਾਦਸਾ ਜੋ ਮੈਨੂੰ ਮੇਰੀਆਂ ਇਹਨਾਂ ਕਮਜ਼ੋਰੀਆਂ ਜਾਂ ਬਦੀਆਂ ਨਾਲ ਰੂ-ਬਰੂ ਕਰਦਾ ਹੈ। ਇੱਕ ਹਾਦਸਾ ਜੋ ਮੈਨੂੰ ਆਪਣੇ ਅੰਦਰ ਵਸੇ ਇੱਕ ਸ਼ੈਤਾਨ ਦੀ ਛਵ੍ਹੀ ਦਿਖਾਉਂਦਾ ਹੈ ਜਿਸ ਉੱਤੇ ਮੈਂ ਇਹ ਸਤਰ ਲਿਖਦਾਂ ਹਾਂ ਕਿ—

ਮੈਨੂੰ ਲੱਗੇ ਮੇਰੇ ਅੰਦਰ ਦੋ ਰੂਹਾਂ ਦਾ ਵਾਸ
ਇੱਕ ਸ਼ੈਤਾਨ ਦੀ ਕਰੇ ਗੁਲਾਮੀ ਦੂਜੀ ਰੱਬ ਦੀ ਆਸ

ਇਹ ਅਹਿਸਾਸ ਪਿੱਛੇ ਛੱਡਦਾ ਹੈ ਇੱਕ ਫਕੀਰ ਦਿਲ ਜੋ ਹਰ ਵੇਲੇ ਰੱਬ ਤੋਂ ਇੱਕ ਚੰਗੇ ਦਿਲ ਜਾਂ ਬੁੱਧੀ ਦੀ ਭੀਖ ਮੰਗਦਾ ਹੈ ਅਤੇ ਜਾਂ ਜੋ ਮੈਂ ਪਿੱਛੇ ਗਵਾ ਬੈਠਾ।

ਕਹਿੰਦੇ ਹਨ ਕਿ ਰੱਬ ਦੀ ਮਰਜ਼ੀ ਤੋਂ ਬਿਨਾਂ ਪੱਤਾ ਵੀ ਨਹੀਂ ਹਿੱਲਦਾ। ਕੀ ਇਹ ਸੱਚ ਹੈ ? ਇਨਸਾਨ ਜੋ ਵੀ ਕਰਦਾ ਹੈ ਕੀ ਉਹਦੇ ਪਿੱਛੇ ਰੱਬ ਦੀ ਮਰਜ਼ੀ ਹੈ ਜਾਂ ਉਸਦੀ ਆਪਣੀ ਖੁਦ ਦੀ ? ਕੀ ਇਨਸਾਨ ਕੁਝ ਕਰਨ ਤੋਂ ਪਹਿਲਾਂ ਸੋਚਦਾ ਹੈ ਕਿ ਇਹ ਕੰਮ ਜੋ ਉਹ ਕਰਨ ਜਾ ਰਿਹਾ ਏ ਰੱਬ ਦੀ ਨਿਗ੍ਹਾ ਵਿੱਚ ਉਸਦਾ ਕੀ ਮੁੱਲ ਹੋਵੇਗਾ ਸਹੀ ਜਾਂ ਗ਼ਲਤ ? ਮਨੁੱਖ ਦੇ ਫੈਸਲੇ ਉਸਦੀ ਜ਼ਿੰਦਗੀ ਨੂੰ ਇੱਕ ਬਹੁਤ ਅਹਿਮ ਰੂਪ ਵਿੱਚ ਪ੍ਰਭਾਵਿਤ ਕਰਦੇ ਹਨ। ਪ੍ਰਮਾਤਮਾ ਨੇ ਮਨੁੱਖ ਨੂੰ ਇੱਕ ਚੋਖੀ ਸੂਝ ਦਾ ਵਰਦਾਨ ਬਖਸ਼ਿਆ ਹੈ ਅਤੇ ਸਾਡਾ ਫਰਜ਼ ਹੈ ਕਿ ਉਸ ਸੂਝ ਦੀ ਵਰਤੋਂ ਨਾਲ ਅਸੀਂ ਉਸ ਦੇ ਰਾਹ 'ਤੇ ਚੱਲੀਏ, ਨਾ ਕਿ ਸ਼ੈਤਾਨ ਦੇ।

ਸਾਨੂੰ ਅਕਲਾਂ ਬਖਸ਼ੀਂ ਥੋੜ੍ਹੀ ਬੁੱਧੀ ਦੇਈਂ
ਮਨ ਵਿੱਚ ਵੱਸ ਜਾ ਮਨ ਨੂੰ ਭੋਰਾ ਸ਼ੁੱਧੀ ਦੇਈਂ।

'ਬਿਰਹਾ ਸਾਡੇ ਵਿਹੜੇ' ਮੇਰੇ ਇਹ ਕੁਝ ਬੋਲ ਜਾਂ ਅਹਿਸਾਸ ਹਨ ਜੋ ਮੇਰੀਆਂ ਮੇਰੇ ਕਿਸੇ ਆਪਣੇ ਨਾਲ, ਮੇਰੇ ਰੱਬ ਨਾਲ, ਖੁਦ ਨਾਲ ਜਾਂ ਜ਼ਮਾਨੇ ਨਾਲ ਕੁੱਝ ਗੱਲਾਂ ਹਨ। ਇਹ ਮੇਰੀ ਜ਼ਿੰਦਗੀ ਦੇ ਅਹਿਸਾਸ ਜੋ ਮੈਂ ਪਲ ਪਲ ਮਹਿਸੂਸ ਕੀਤੇ, ਉਹਨਾਂ ਦਾ ਕੁਝ ਨਿਚੋੜ ਹੈ। ਮੈਂ ਕੋਈ ਸ਼ਾਇਰ ਨਹੀਂ ਅਤੇ ਇਹ ਕੋਈ ਸ਼ਾਇਰੀ ਨਹੀਂ, ਬੱਸ ਕੁੱਝ ਗੱਲਾਂ ਹਨ, ਜੋ ਇੱਕ ਆਮ ਇਨਸਾਨ ਦੇ ਅਹਿਸਾਸਾਂ ਤੋਂ ਉੱਠੀਆਂ ਅਤੇ ਇਸ ਕਿਤਾਬ ਵਿੱਚ ਛਪ ਕੇ ਵਹਿ ਗਈਆਂ—

ਗੀਤ ਨਹੀਂ ਸੱਜਣਾ ਜੋ ਵੀ ਹੋਏ ਅਹਿਸਾਸ ਲਿਖੇ
ਮੈਂ ਤੇਰੇ ਲਈ ਆਪਣੇ ਜੋ ਜਜ਼ਬਾਤ ਲਿਖੇ
ਕੁਝ ਮੈਂ ਲਿਖ ਲਏ ਇੱਧਰ ਓਧਰ ਫਿਰਦੇ ਨੇ
ਕੁਝ ਮੈਂ ਸੱਚੀਂ ਜਾਗ ਜਾਗ ਭਰ ਰਾਤ ਲਿਖੇ

ਦੀਪਕ ਪਬਲਿਸ਼ਰਜ਼ ਜਲੰਧਰ ਦੇ ਜੀਵਤ ਰਾਏ ਸ਼ਰਮਾ, ਉਨ੍ਹਾਂ ਦੇ ਲੜਕਿਆਂ ਕਰਨ ਰਾਏ ਸ਼ਰਮਾ ਤੇ ਸਾਹਿਲ ਸ਼ਰਮਾ ਜੀ ਦਾ ਧੰਨਵਾਦ ਕਰਨਾ ਵੀ ਮੈਂ ਆਪਣਾ ਫਰਜ਼ ਸਮਝਦਾ ਹਾਂ, ਜਿਨ੍ਹਾਂ ਨੇ ਮੇਰੇ ਇਸ ਕਾਵਿ ਸੰਗ੍ਰਹਿ ਨੂੰ ਬੜੀ ਮਿਹਨਤ ਤੇ ਰੀਝ ਨਾਲ ਸੋਹਣਾ ਛਾਪਿਆ ਹੈ। ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਮਾਸਟਰ ਆਤਮਾ ਸਿੰਘ ਚਿੱਟੀ ਦਾ ਵੀ ਮੈਂ ਧੰਨਵਾਦ ਕਰਨੋਂ ਨਹੀਂ ਰਹਿ ਸਕਦਾ ਜਿਨ੍ਹਾਂ ਨੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਕਵਿਤਾਵਾਂ ਪੜ੍ਹੀਆਂ ਤੇ ਮੇਰੀ ਇਸ ਪਹਿਲੀ ਕਿਤਾਬ ਲਈ ਕੁਝ ਸ਼ਬਦ ਮੁੱਖ ਬੰਧ ਦੇ ਰੂਪ ਵਿੱਚ ਲਿਖਣ ਲਈ ਰਾਜ਼ੀ ਹੋ ਗਏ। ਉਮੀਦ ਕਰਦਾ ਹਾਂ-ਕਿਤਾਬ ਤੁਹਾਨੂੰ ਸਾਰਿਆਂ ਨੂੰ ਜ਼ਰੂਰ ਪਸੰਦ ਆਵੇਗੀ।

*—ਰਾਜਾ ਚਿੱਟੀ*
*ਪਿੰਡ ਤੇ ਡਾਕਖ਼ਾਨਾ ਚਿੱਟੀ*
*ਤਹਿਸੀਲ ਤੇ ਜ਼ਿਲ੍ਹਾ ਜਲੰਧਰ—144028*
*ਮੋਬਾਇਲ ਨੰ. +12269751420 (ਕੈਨੇਡਾ)*

# ਤਤਕਰਾ


- ਮੁਹੱਬਤ ਹਾਨੀਕਾਰਕ ਹੈ 15
- ਹਜ਼ੂਰ ਜੀ 17
- ਕਾਤਲ 19
- ਰੱਬਾ 21
- ਕਦੋਂ ਆਉਣਾ ਏ 24
- ਇੱਕ ਸੁਪਨਾ 26
- ਦਿਲ ਜਿੱਤਣੇ ਨਾ ਸਿੱਖੇ 27
- ਲੁੱਟ ਲਿਆ 29
- ਪੁੱਛੋ ਜੀ 31
- ਨਿਸ਼ਾਨੀਆਂ 34
- ਦੁਖੜੇ ਭਰ ਪਿਟਾਰੀਆਂ ਵੇਚਾਂ 36
- ਰਾਜਾ ਠੀਕ ਨਹੀਂ ਲੱਗਦਾ 38
- ਕੁਦਰਤ ਬਨਾਮ ਤੁਸੀਂ 40
- ਸਦੀਆਂ ਵੇਖੀਆਂ ਨੇ 42
- ਦਿਲ ਕਰਨ ਨੂੰ ਕੀ ਕਹਿੰਦਾ 44
- ਉੱਡਣ ਖਟੋਲਿਆ 46
- ਹਸੀਨ ਪਲ 48
- ਕਾਲਾ ਦਿਨ 51
- ਮੈਂ ਤੇਰਾ ਹਾਂ 54
- ਦੋ ਰੂਹਾਂ 57
- ਤੇਰੀ ਯਾਦ 59

- ਚੋਰ 61
- ਤੇਰੇ ਹੁਸਨ ਦਾ ਗੀਤ 63
- ਛੱਡ ਅਜ਼ਮਾਉਣਾ ਨੀ 65
- ਸੱਜਣ ਮੈਂਡੇ ਘਰ ਆ ਵੇ 67
- ਵਾਅਦੇ 69
- ਜੁਦਾਈ ਦੀਆਂ ਰੁੱਤਾਂ 71
- ਆਸ 74
- ਕੀ ਕੁਝ ਨਹੀਂ ਹੋ ਸਕਦਾ 76
- ਇੱਕ ਮਿੱਕ ਹੋ ਜਾਈਏ 77
- ਦਿਲ ਦੀ ਗੱਲ 80
- ਬਿਰਹਾ ਸਾਡੇ ਵਿਹੜੇ 81
- ਜਿਗਰ ਦੇ ਟੁਕੜੇ 84
- ਸੱਜਣ 85
- ਸ਼ੱਕੀ 87
- ਪਿੱਟਦਾ ਰਹਿੰਨਾ ਵਾਂ 88
- ਕਲਯੁੱਗ 90
- ਕਾਰਨ ਇਹੀ ਏ 93
- ਇਸ਼ਕ ਹਕੀਕੀ 94
- ਟੂਣਾ ਟੋਟਕਾ 96
- ਸੁੱਖਾਂ 97
- ਫਰਿਸ਼ਤਾ 100
- ਇੱਕ ਸਵਾਲ 102
- ਪੰਨੇ 103

# ਮੁਹੱਬਤ ਹਾਨੀਕਾਰਕ ਹੈ

ਗੁੱਝੀ ਇੱਕ ਬੁਝਾਰਤ ਹੈ
ਮੁਹੱਬਤ ਹਾਨੀਕਾਰਕ ਹੈ

ਢਹਿੰਦਿਆਂ ਦੇਰ ਨਾ ਲੱਗੇ ਇਹਨੂੰ
ਕੱਖੋਂ ਬਣੀ ਇਮਾਰਤ ਹੈ

ਰਾਜੇ ਇਹਦੇ ਰੂਪ ਨੇ ਲੱਖਾਂ
ਨਾਗਿਨ ਇੱਛਾ ਧਾਰਕ ਹੈ

ਨਾ ਨਾ ਹੱਥ ਨਾ ਲਾਵੀਂ ਇਹਨੂੰ
ਅੱਗਾਂ ਜਿਹੀ ਹਰਾਰਤ ਹੈ

ਸਾਡੀ ਗੱਲ ਵੀ ਚਾਲ ਹੋਵੇ
ਤੇ ਤੇਰੀ ਚਾਲ ਸ਼ਰਾਰਤ ਹੈ

ਜਾਨਾਂ ਕੱਢ ਕੇ ਜਾਨ ਤੂੰ ਮੰਗੇ
ਕੈਸੀ ਤੇਰੀ ਜਸਾਰਤ ਹੈ

ਉਹ ਮੈਂ ਜਿਉਂ ਸੰਤਾਲੀ ਪਿੱਛੋਂ
ਪਾਕਿਸਤਾਨ ਤੇ ਭਾਰਤ ਹੈ

ਗੁੱਝੀ ਇੱਕ ਬੁਝਾਰਤ ਹੈ
ਮੁਹੱਬਤ ਹਾਨੀਕਾਰਕ ਹੈ

# ਹਜ਼ੂਰ ਜੀ

ਹਜ਼ੂਰ ਜੀ ! ਸੁਣਿਉ ਗੌਰ ਦੇ ਨਾਲ
ਮੈਂ ਕੁਝ ਸਤਰਾਂ ਫਰਮਾਵਾਂਗਾ

ਭੁੱਖ ਹੈ ਤੈਨੂੰ ਦੇਖਣ ਦੀ
ਤੇਰੇ ਮਹਿਲ ਨਾਲ ਕੁੱਲੀ ਪਾਵਾਂਗਾ

ਤੂੰ ਜ਼ਹਿਰਾਂ ਭਰ ਭਰ ਚਣੇਂ ਲਿਆ
ਮੈਂ ਮੁੱਠੀਆਂ ਭਰ ਭਰ ਖਾਵਾਂਗਾ

ਤੇਰੇ ਗੀਤ ਨੂੰ ਸੱਜਣਾਂ ਗਾ ਗਾ ਕੇ
ਮੈਂ ਰੁੱਖਾਂ ਤਾਈਂ ਨਚਾਵਾਂਗਾ

ਮੈਂ ਪੱਥਰਾਂ ਤਾਂਈ ਰਵਾਵਾਂਗਾ
ਮੈਂ ਗੂੰਗੇ ਬੋਲਣ ਲਾਵਾਂਗਾ

ਮੈਂ ਮਿੱਟੀ ਵਿੱਚ ਮਿਲ ਕੇ ਇੱਕ ਦਿਨ
ਤਾਰਿਆਂ 'ਤੇ ਚੜ੍ਹ ਜਾਵਾਂਗਾਂ

ਹੰਝੂ ਕੇਰ ਕੇ ਜਨਮ ਲਿਆ
ਮੈਂ ਹੰਝ ਕੇਰ ਮਰ ਜਾਵਾਂਗਾ

ਰੱਬ ਨੂੰ ਖੋਲ੍ਹਣਾ ਪੈਜੇਗਾ
ਮੈਂ ਇੰਝ ਦਰ ਨੂੰ ਖੜਕਾਵਾਂਗਾ

ਮੈਂ ਦੋਜ਼ਖ ਵਿੱਚੋਂ ਜੰਨਤ ਦੇ ਵਿੱਚ
ਤੈਨੂੰ ਲੱਭਣ ਆਵਾਂਗਾ

ਰਾਜੇ ਸੁਣਿਆ ਸੁਰਗੀਂ ਸਾਗਰ ਵੱਡੇ ਨੇ
ਮੈਂ ਤੇਰੇ ਲਈ ਮਹਾਂਸਾਗਰ ਤਰ ਆਵਾਂਗਾ

# ਕਾਤਲ

ਮੈਂ ਰੋਗ ਨੂੰ ਕਰਕੇ ਰੋਗ ਕਦੇ ਵੀ ਜਾਣਿਆਂ ਨਹੀਂ
ਪਰ ਡਾਹਢਾ ਰੋਗ ਏ ਚੰਦਰਾਂ ਇਹ ਦਿਲ ਦੁਖਣੇ ਦਾ
ਜੇ ਤੂੰ ਆਖੇਂ ਮੰਨ ਜਾਈਏ ਤੂੰ ਦੋਸ਼ੀ ਨਹੀਂ
ਉਂਝ ਕਾਤਲ ਏ ਤੂੰ ਸੱਜਣਾ ਮੇਰੇ ਸੁਪਨੇ ਦਾ

ਬੋਲ ਕੇ ਦੱਸਣਾ ਹੁੰਦਾ ਕੁਝ ਜ਼ਰੂਰੀ ਏ
ਦੱਸ ਕਿਉਂ ਤੈਨੂੰ ਸਾਡਾ ਮਨ ਹੀ ਨਹੀਂ ਦਿਸਦਾ ?
ਜ਼ਿੰਦਗੀ ਓਵੇਂ ਰਾਤ ਹਨੇਰੀ ਹੋ ਗਈ ਏ
ਪਰ ਸਾਨੂੰ ਕਿਧਰੇ ਸਾਡਾ ਚੰਨ ਹੀ ਨਹੀਂ ਦਿਸਦਾ
ਯਾਦਾਂ ਤੇਰੀਆਂ ਨਾਮ ਨਹੀਂ ਲੈਂਦੀਆਂ ਰੁਕਣੇ ਦਾ
ਜੇ ਤੂੰ ਆਖੇਂ ਮੰਨ ਜਾਈਏ ਤੂੰ ਦੋਸ਼ੀ ਨਹੀਂ
ਉਂਝ ਕਾਤਲ ਏ ਤੂੰ ਸੱਜਣਾਂ ਮੇਰੇ ਸੁਪਨੇ ਦਾ

ਫੁੱਲਵਾੜੀ ਵਿੱਚ ਫੁੱਲ ਨੇ ਖਿੜੇ ਬਥੇਰੇ ਨੀ
ਕੁੱਝ ਪੀਲੇ ਲਾਲ ਤੇ ਕੁੱਝ ਨੇ ਵਿੱਚ ਸੁਨਹਿਰੇ ਜਿਹੇ
ਕੰਡੇ ਜਿਸਦੀ ਰਾਖੀ ਉੱਤੇ ਬੈਠੇ ਨੇ
ਕੁੱਝ ਨੇ ਫੁੱਲ ਗੁਲਾਬੀ ਸੱਜਣਾ ਤੇਰੇ ਜਿਹੇ
ਸਾਨੂੰ ਰੁੱਖਾਂ ਵਾਂਗਰ ਵਰ ਏ ਧੁੱਪ ਵਿੱਚ ਸੁੱਕਣੇ ਦਾ

ਜੇ ਤੂੰ ਆਖੇਂ ਮੰਨ ਜਾਈਏ ਤੂੰ ਦੋਸ਼ੀ ਨਹੀਂ
ਉਂਝ ਕਾਤਲ ਏ ਤੂੰ ਸੱਜਣਾਂ ਮੇਰੇ ਸੁਪਨੇ ਦਾ

ਇੰਤਜ਼ਾਰ ਦੀਆਂ ਘੜੀਆਂ ਸਮਝ ਕੇ ਕੱਟ ਰਿਹਾਂ
ਰੱਬ ਖੌਰੇ ਸਾਡੇ ਪਿਆਰ ਨੂੰ ਹਉ ਅਜ਼ਮਾਉਂਦਾ ਨੀ
ਸਬਰ ਤਾਂ ਚੱਲ ਮੈਂ ਕਰ ਛੱਡੂੰਗਾ ਕੋਈ ਗੱਲ ਨਹੀਂ
ਤੂੰ ਦੱਸ ਸਾਨੂੰ ਮਿਲਣੇ ਕਾਹਤੋਂ ਆਉਂਦਾ ਨਹੀਂ
ਕੀ ਉਡੀਕ ਏ ਤੈਨੂੰ ਰਾਜੇ ਦੀ ਜਿੰਦ ਮੁੱਕਣੇ ਦਾ
ਜੇ ਤੂੰ ਆਖੇਂ ਮੰਨ ਜਾਈਏ ਤੂੰ ਦੋਸ਼ੀ ਨਹੀਂ
ਉਂਝ ਕਾਤਲ ਏ ਤੂੰ ਸੱਜਣਾਂ ਮੇਰੇ ਸੁਪਨੇ ਦਾ।

# ਰੱਬਾ

ਰੱਬਾ ਮੰਦਰ ਲੱਖ ਗਿਆਂ ਤੈਨੂੰ ਲੱਭਣ ਲਈ
ਮੈਂ ਮਨ ਦੇ ਅੰਦਰ ਘੱਟ ਗਿਆਂ ਤੈਨੂੰ ਲੱਭਣ ਲਈ

ਗਲਤੀ ਕਿੱਥੇ ਹੋਈ ਰਾਜਾ ਸਮਝ ਗਿਆ
ਤੇਰਾ ਈ ਦਾਨ ਚੜ੍ਹਾਵੇ ਰੱਖ ਛੱਡਿਆ ਤੈਨੂੰ ਫੱਬਣ ਲਈ
ਪੈਦਲ ਚੱਲ ਚੱਲ ਤੇਰੇ ਘਰ ਨੂੰ ਆਉਂਦਾ ਸੀ
ਮੈਂ ਕੀ ਕੁਝ ਨਹੀਂ ਕੀਤਾ ਤੈਨੂੰ ਸੱਦਣ ਲਈ
ਮਨ ਦੇ ਅੰਦਰੋਂ ਮੈਲ ਅਜੇ ਕਿਉਂ ਜਾਂਦੀ ਨਹੀਂ ?
ਕਿਉਂ ਸਾਡੇ ਦਿਲ ਨੇ ਕੂੜੇ ਸੋਨੇ ਚਾਂਦੀ ਨਹੀਂ
ਆਪਣਾ ਆਪ ਸਵਾਰਣ ਦਾ ਬਲ ਨਹੀ ਮੰਗਿਆ
ਉਂਝ ਸੁੱਖਾਂ ਲੱਖਾਂ ਸੁੱਖੀਆਂ ਆਪਣੇ ਸੱਜਣ ਲਈ
ਰੱਬਾ ਮੰਦਰ ਲੱਖ ਗਿਆਂ ਤੈਨੂੰ ਲੱਭਣ ਲਈ
ਮੈਂ ਮਨ ਦੇ ਅੰਦਰ ਘੱਟ ਗਿਆਂ ਤੈਨੂੰ ਲੱਭਣ ਲਈ

ਭੁੱਲ ਜਾਂਦੇ ਹਾਂ ਅਸੀਂ ਤੇਰੇ ਹੀ ਜਾਏ ਹਾਂ
ਕਿਹੜੇ ਕਾਰਨ ਧਰਤੀ ਉੱਤੇ ਆਏ ਹਾਂ ?
ਤੂੰ ਜੋ ਸੰਗਤ ਵੰਡ ਦਾ ਪਾਠ ਪੜ੍ਹਾਇਆ ਸੀ
ਇਹ ਨਹੀਂ ਛੱਡਦੇ ਆਪਣੇ ਨੂੰ ਵੀ ਠੱਗਣ ਲਈ

ਰੱਬਾ ਮੰਦਰ ਲੱਖ ਗਿਆਂ ਤੈਨੂੰ ਲੱਭਣ ਲਈ
ਮੈਂ ਮਨ ਦੇ ਅੰਦਰ ਘੱਟ ਗਿਆਂ ਤੈਨੂੰ ਲੱਭਣ ਲਈ

ਕੁਝ ਕਰਮਾਂ ਦਾ ਜੋ ਘੇਰਾ ਅੱਗੇ ਆਇਆ ਏ
ਕੋਈ ਕਾਲਾ ਬੱਦਲ ਮੇਰੇ ਉੱਤੇ ਛਾਇਆ ਏ
ਕੋਈ ਥਾਂ ਨਹੀਂ ਲੱਭਦਾ, ਮੈਨੂੰ ਕਿੱਧਰੇ ਭੱਜਣ ਲਈ
ਰੱਬਾ ਮੰਦਰ ਲੱਖ ਗਿਆਂ ਤੈਨੂੰ ਲੱਭਣ ਲਈ
ਮੈਂ ਮਨ ਦੇ ਅੰਦਰ ਘੱਟ ਗਿਆਂ ਤੈਨੂੰ ਲੱਭਣ ਲਈ

ਸਾਨੂੰ ਅਕਲਾਂ ਬਖਸ਼ੀਂ ਥੋੜ੍ਹੀ ਬੁੱਧੀ ਦੇਈਂ
ਮਨ ਵਿੱਚ ਵੱਸ ਜਾ ਮਨ ਨੂੰ ਭੋਰਾ ਸ਼ੁੱਧੀ ਦੇਂਈ
ਦੁੱਖ ਭਾਰੇ ਹੋਈ ਜਾਂਦੇ ਸਾਨੂੰ ਦੱਬਣ ਲਈ
ਰੱਬਾ ਮੰਦਰ ਲੱਖ ਗਿਆਂ ਤੈਨੂੰ ਲੱਭਣ ਲਈ
ਮੈਂ ਮਨ ਦੇ ਅੰਦਰ ਘੱਟ ਗਿਆਂ ਤੈਨੂੰ ਲੱਭਣ ਲਈ

ਜੇ ਦਾਨ ਕਰਨ ਨੂੰ ਅੱਲਾ ਕੁਝ ਨਵਾਜ਼ਿਆਂ ਏ
ਤਾਂ ਕਰੀਂ ਉਹਨਾਂ ਨੂੰ ਜਿਹਨਾਂ ਉਸਨੇ ਸਾਜਿਆ ਏ
ਕਿਸੇ ਬੇ-ਸਹਾਰੇ ਹਿੱਕ ਲਾਇਆ ਮੈਂ ਜਾਣ ਗਿਆਂ
ਕਿ ਇਹੀ ਰਾਹ ਏ ਤੇਰੇ ਗਲ ਨਾਲ ਲੱਗਣ ਲਈ
ਰੱਬਾ ਮੰਦਰ ਲੱਖ ਗਿਆਂ ਤੈਨੂੰ ਲੱਭਣ ਲਈ
ਮੈਂ ਮਨ ਦੇ ਅੰਦਰ ਘੱਟ ਗਿਆ ਤੈਨੂੰ ਲੱਭਣ ਲਈ

ਲਾਲਚ, ਕਾਮ, ਕ੍ਰੋਧ ਤੋਂ ਮੁਕਤੀ ਦੇ ਦਾਤਾ
ਹੰਕਾਰ ਨਾ ਆਵੇ ਇੰਨੀ ਸ਼ਕਤੀ ਦੇ ਦਾਤਾ
ਇਹ ਸਭ ਜਿਉਂ ਨੇ ਚਣੇ ਲੋਹੇ ਦੇ ਚੱਬਣ ਲਈ
ਰੱਬਾ ਮੰਦਰ ਲੱਖ ਗਿਆਂ ਤੈਨੂੰ ਲੱਭਣ ਲਈ
ਮੈਂ ਮਨ ਦੇ ਅੰਦਰ ਘੱਟ ਗਿਆਂ ਤੈਨੂੰ ਲੱਭਣ ਲਈ

# ਕਦੋਂ ਆਉਣਾ ਏ

ਕੇ ਹੁਣ ਕਦੋਂ ਆਉਣਾ ਏ
ਬਹਾਰਾਂ ਲੰਘ ਗਈਆਂ ਨੇ

ਬੂਹੇ ਅੱਗੋਂ ਕਿੰਨੀਆਂ ਹੀ ਕਾਰਾਂ ਲੰਘ ਗਈਆਂ ਨੇ
ਤੇ ਛੱਤਾਂ ਉੱਤੋ ਕਾਵਾਂ ਦੀਆਂ
ਡਾਰਾਂ ਲੰਘ ਗਈਆਂ ਨੇ
ਤੇਰੀਆਂ ਉਡੀਕਾਂ ਕੱਲੇ ਕੱਢ ਲਈ ਦੀਵਾਲੀ
ਤੇ ਦੀਵਾਲੀ ਪਿੱਛੋਂ ਕਿੰਨੀਆਂ ਤਿਉਹਾਰਾਂ
ਲੰਘ ਗਈਆਂ ਨੇ

ਸਾਉਣ ਦੇ ਮਹੀਨੇ ਚੋਂ ਫੁਹਾਰਾਂ ਲੰਘ ਗਈਆਂ ਨੇ
ਕਿੰਨੀਆਂ ਹੀ ਵੇਖ ਸਰਕਾਰਾਂ ਲੰਘ ਗਈਆਂ ਨੇ
ਝਾਂਜਰ ਤੇਰੀ ਦੀ ਕਦੇ ਛਣਕ ਨਾ ਸੁਣੀ
ਉਂਝ ਵੇਖ ਕਿੰਨੀਆਂ ਹੀ
ਛਣਕਾਰਾਂ ਲੰਘ ਗਈਆਂ ਨੇ

ਸ਼ੀਸ਼ੇ ਮੂਹਰੇ ਖੜ੍ਹ ਕੇ ਤੇ ਸੋਚਾਂ ਡੰਗ ਰਹੀਆਂ ਨੇ
ਅੱਖਾਂ ਤੇਰੀ ਦੀਦ ਦਾ ਨਜ਼ਾਰਾ ਮੰਗ ਰਹੀਆਂ ਨੇ

ਹੜ੍ਹ ਤੇਰੇ ਗ਼ਮਾਂ ਵਾਲਾ ਬਣ ਬਣ ਹੰਝੂ
ਰਾਜੇ ਅੱਖੋਂ ਵੇਖ ਕਿੰਨੀਆ ਕਤਾਰਾਂ ਲੰਘ ਗਈਆਂ ਨੇ

ਤਰੀਕਾਂ ਮਿਲਣੇ ਦੀਆਂ ਦੁਬਾਰਾ ਲੰਘ ਗਈਆਂ ਨੇ
ਰੁੱਤਾਂ ਸਭ ਹੋ ਹੋ ਕੇ ਬੀਮਾਰਾਂ ਲੰਘ ਗਈਆਂ ਨੇ
ਸਾਹਾਂ ਸਾਡੇ ਸੀਨੇ ਵਿੱਚੋਂ ਮੁੱਕੀਆਂ ਨਾ ਕਾਹਤੋਂ
ਵੇਖ ਹੌਕਿਆਂ ਨੂੰ ਹੋ ਹੋ ਕੇ ਗਵਾਰਾ ਲੰਘ ਗਈਆਂ ਨੇ
ਕੇ ਹੁਣ ਕਦੋਂ ਆਉਣਾ ਏ ਬਾਹਾਰਾਂ ਲੰਘ ਗਈਆਂ ਨੇ

# ਇੱਕ ਸੁਪਨਾ

ਗੁਣਵੰਤੀ ਗੁਣਭਰੀ ਸੀ ਉਹ
ਸੱਚ ਬੋਲਾਂ ਤਾਂ ਪਰੀ ਸੀ ਉਹ

ਕਿਸਮਤ, ਫੇਰ ਗਵਾਚ ਗਈ
ਲੱਭੀ ਕਿੰਨੇ ਵਰ੍ਹੀਂ ਸੀ ਉਹ

ਚਾਂਦੀ ਸੋਨੇ ਕੀ ਤੁੱਲ ਉਹਦੇ ?
ਕੋਹੀਨੂਰ ਜਿਹੀ ਖ਼ਰੀ ਸੀ ਉਹ

ਮੱਛੀਆਂ ਨੂੰ ਕਿੰਞ ਤਰਨਾ ਦੱਸੇ
ਪਾਣੀਆਂ ਦੀ ਜਲਪਰੀ ਸੀ ਉਹ

ਮੋਇਆ ਵਿੱਚ ਵੀ ਜਾਨਾਂ ਪਾਉਂਦੀ
ਅੰਮ੍ਰਿਤ ਬੂਟੀ ਜੜੀ ਸੀ ਉਹ

ਆਹਟ ਸੁਣਕੇ ਭੱਜ ਉਠਿਆ ਮੈਂ
ਦਰਵਾਜ਼ੇ 'ਤੇ ਖੜੀ ਸੀ ਉਹ

ਅੱਖਾਂ ਖੁੱਲ੍ਹੀਆਂ ਓਹੀ ਤਕੀਆ
ਉਹੀ ਕੰਬਲ, ਦਰੀ ਸੀ ਉਹ

# ਦਿਲ ਜਿੱਤਣੇ ਨਾ ਸਿੱਖੇ

ਰੱਬਾ ਭੇਜ ਜਹਾਨੇ ਸਾਨੂੰ
ਕਿਹੜੇ ਲਾਇਆ ਕਿੱਤੇ ?
ਮੱਥੇ ਖਾਲੀ ਕਾਂਸੇ
ਸਾਡੀ ਜੇਬ 'ਚ ਖੜਕਣ ਸਿੱਕੇ

ਕਿੰਨੀਆਂ ਭੁੱਲਾਂ ਕਰਕੇ ਵੀ
ਅਸੀਂ ਸ਼ਾਹਾਂ ਵਾਂਗਰ ਬੈਠੇ
ਤੂੰ ਦੱਸ ਇਹਨਾਂ ਭੁੱਲਾਂ ਦੇ
ਸਾਨੂੰ ਇਨਾਮ ਕਿਉਂ ਨਾ ਦਿੱਤੇ ?

ਕਿੰਝ ਮਨ ਨੂੰ ਸਮਝਾਵਾਂ
ਮਨ ਤੋਂ ਮੈਲ ਕਿਉਂ ਨਾ ਲਿੱਥੇ ?
ਅੱਖਾਂ ਪੱਥਰ ਪੂਜਣ
ਸਾਨੂੰ ਰੱਬ ਕਿਤੇ ਨਾ ਡਿੱਠੇ

ਕਿਉਂ ਸਾਨੂੰ ਅੱਧਵਾਟੇ ਛੱਡ ਗਏ ?
ਸਾਡੇ ਸੱਜਣ ਮਿੱਠੇ

ਹਰ ਵੇਲੇ ਮੈਂ ਸੋਚੀ ਜਾਵਾਂ
ਖੌਰੇ ਹੋਣਗੇ ਕਿੱਥੇ

ਚੁੱਪ ਵੱਟ ਕੇ ਦੁੱਖ ਸਹਿ ਲਏ ਕਿੰਨੇ
ਹੱਥ ਪਿੱਟਣੇ ਨਾ ਸਿੱਖੇ
ਰਾਜੇ ਰਾਜ ਨੇ ਜਿੱਤ ਲਏ ਕਿੰਨੇ
ਦਿਲ ਜਿੱਤਣੇ ਨਾ ਸਿੱਖੇ।

# ਲੁੱਟ ਲਿਆ

ਸਾਹ ਵੀ ਦੂਜਾ ਲੈਣ ਨਈ ਦਿੱਤਾ ਜ਼ਾਲਮ ਨੇ
ਇੰਝ ਸੰਘੀਆਂ ਤੋਂ ਗਲ਼ ਸਾਡੇ ਨੂੰ ਘੁੱਟ ਲਿਆ

ਸੋਚਾਂ ਉਹਦੀਆਂ ਗੱਲਾਂ ਸੱਚਮੁੱਚ ਸੱਚੀਆਂ ਸੀ
ਜਾਂ ਮੁਹੱਬਤ ਝਾਂਸੇ ਪਿੰਡਾ ਸਾਡਾ ਲੁੱਟ ਲਿਆ

ਅੰਬਰੋਂ ਉੱਚਾ ਐਵੇਂ ਉੱਡਿਆ ਫਿਰਦਾ ਸਾਂ
ਕੱਟੀ ਡੋਰ ਪਤਾਲੋਂ ਹੇਠਾਂ ਸੁੱਟ ਲਿਆ

ਮਿੱਟੀ ਬਣ ਗਈ ਅੱਜ ਰਾਜੇ ਦੀ ਚਮੜੀ ਦੀ
ਤੇ ਹੱਡਾਂ ਦਾ ਚੂਨਾ ਉਸਨੇ ਕੁੱਟ ਲਿਆ

ਲਹੂ ਜੋ ਬਚਿਆ ਸੱਜਣਾਂ ਪਾ ਪਿਆਲੀ 'ਚ
ਪੀ ਸਾਰੇ ਦਾ ਸਾਰਾ ਇੱਕੋ ਘੁੱਟ ਲਿਆ

ਤੇ ਕੀ ਕਰਦਾਂ ਮੈਂ ਤੇਰੀ ਯਾਦ 'ਚ ਸੜਦਾ ਨੀ
ਧਾਹਾਂ ਮਾਰ ਕੇ ਰੋਇਆ ਹੰਝੂ ਫੁੱਟ ਲਿਆ

ਕੈਸੇ ਰੋਗ ਤੈਂ ਝੋਲੀ ਸਾਡੀ ਬਖ਼ਸ਼ੇ ਨੀ
ਨਹੁੰਆਂ ਨੂੰ ਕਿਉਂ ਮਾਸ ਸਣੇ ਹੀ ਪੁੱਟ ਲਿਆ

ਕੋਈ ਸੁੱਖ ਸਾਂਦ ਹੁਣ ਰਾਸ ਨਾ ਸਾਡੀ ਜ਼ਿੰਦਗੀ ਨੂੰ
ਜਾ ਮੇਰੇ ਲਈ ਇੱਕ ਅੱਧਾ ਕੋਈ ਦੁੱਖ ਲਿਆ।

# ਪੁੱਛੋ ਜੀ

ਅੱਗ ਦੀ ਕੀਮਤ ਪਰਵਾਨੇ ਨੂੰ
ਚਕੋਰ ਨੂੰ ਚੰਨ ਦੀ ਪੁੱਛੋ ਜੀ
ਪਾਪ ਲੱਗੇ ਨਾ ਵਿਧਵਾ ਕੋਲੋ
ਗੱਲ ਕਿਸੇ ਜੰਨ ਦੀ ਪੁੱਛੋ ਜੀ

ਜੇ ਸੱਚਮੁੱਚ ਜਾਣਨਾ
ਰੱਜੇ ਹੋਏ ਨੂੰ ਕੀ ਪੁੱਛਣਾ
ਦਿਨਾਂ ਤੋਂ ਭੁੱਖੇ ਕਿਸੇ ਗ਼ਰੀਬ ਨੂੰ
ਕੀਮਤ ਅੰਨ ਦੀ ਪੁੱਛੋ ਜੀ

ਪੈਲਾਂ ਪਾਈ ਮੋਰਾਂ ਵੱਲ ਨੂੰ
ਹਰ ਕੋਈ ਮੋਹਿਤ ਹੁੰਦਾ ਏ
ਜਿਗਰਾ ਹੈ ਤਾਂ ਨਾਗਾਂ ਕੋਲੋਂ
ਕੀਮਤ ਫੱਨ੍ਹ ਦੀ ਪੁੱਛੋ ਜੀ

ਪੱਕੀਆਂ ਛੱਤਾਂ ਵਾਲਿਆਂ ਨੂੰ
ਨਹੀਂ ਪਤਾ ਹੋਣੀ
ਮੀਂਹ ਪੈਂਦੇ ਤੋਂ ਝੁੱਗੀਆਂ ਵਾਲਿਆਂ
ਕੀਮਤ ਛੰਨ ਦੀ ਪੁੱਛੋ ਜੀ

ਲੋਕਾਂ ਅੱਜ ਮਖੌਲ ਬਣਾ ਲਿਆ
ਅਸਲੇ ਦਾ
ਜੰਗ ਲੜੇ ਕਿਸੇ ਫੌਜੀ ਕੋਲੋਂ
ਕੀਮਤ ਗੰਨ ਦੀ ਪੁੱਛੋ ਜੀ

ਫ਼ੈਸ਼ਨ ਨਾਂ ਤੇ
ਲੋਕੀਂ ਨੰਗੇ ਹੋ ਜਾਂਦੇ
ਜੋ ਲੀਰਾਂ ਪਾਵਣ ਉਹਨਾਂ ਕੋਲੋਂ
ਕੀਮਤ ਤਨ ਦੀ ਪੁੱਛੋ ਜੀ

ਦੰਗੇ ਆਪਣੇ ਵੀਰ ਭਰਾ
ਨੇ ਖੋਹ ਲੈਂਦੇ
ਕਿਸੇ ਬਜ਼ੁਰਗ ਦੇ ਕੋਲੋਂ
ਗੱਲ ਸੰਤਾਲ਼ੀ ਸੰਨ ਦੀ ਪੁੱਛੋ ਜੀ

ਜੱਗ ਨੂੰ ਜਿਹੜਾ
ਭੁੱਲਿਆ ਭੁੱਲਿਆ ਫਿਰਦਾ ਏ
ਔੜ ਲੱਗੀ ਏ ਇੱਕ ਆਸ਼ਕ ਨੂੰ
ਕਿਹੜੀ ਰੰਨ ਦੀ ਪੁੱਛੋ ਜੀ

ਸਵਾਲ ਆਇਆ ਹੈ
ਉਹ ਮੇਰੇ ਲਈ ਕੀ ਕੁਝ ਹੈ
ਉਹ ਰਾਜੇ ਲਈ ਸਭ ਕੁਝ ਹੈ
ਜੇ ਮੇਰੇ ਮਨ ਦੀ ਪੁੱਛੋ ਜੀ

# ਨਿਸ਼ਾਨੀਆਂ

ਤੇਰੇ ਤੋਹਫ਼ਿਆਂ ਨਾਲ ਮੈਂ
ਉਮਰਾਂ ਕੱਟੀਆਂ ਕੱਲੇ ਨੇ
ਭਾਵੇਂ ਉਂਗਲਾਂ ਵੱਢ ਲਈਆਂ
ਤੇਰੇ ਛੱਲੇ ਨੇ

ਕੁਝ ਤਸਵੀਰਾਂ ਨੇ
ਜਿਹਨਾਂ ਨਾਲ ਗੱਲਾਂ ਕਰਦਾ ਰਹਿੰਦਾ ਹਾਂ
ਇੱਕ ਗਾਨੀ, ਇੱਕ ਛੱਲਾ
ਤੇ ਇੱਕ ਦੋ ਤੇਰੇ ਖ਼ਤ ਸੱਜਣਾਂ ਸਾਡੇ ਪੱਲੇ ਨੇ

ਇੱਕ ਸ਼ੀਸ਼ੇ ਦਾ ਗਿਲਾਸ
ਸਾਂਭ ਕੇ ਰੱਖਿਆ ਮੈਂ
ਜਿਨ੍ਹ ਖਿਤਾਬ ਤੇਰੇ ਇਹਨਾਂ
ਸੁਰਖ ਹੋਠਾਂ ਦੇ ਮੱਲੇ ਨੇ

ਕੁਝ ਖੱਟੀਆਂ ਮਿੱਠੀਆਂ
ਯਾਦਾਂ ਦਾ ਰਸ ਪੀਦਾਂ ਹਾਂ
ਕੁਝ ਸਕੂਨ ਦੇ ਪਲ
ਤੇ ਕੁਝ ਦਰਦ ਅਵੱਲੇ ਨੇ

ਇੱਕ ਤੇਰੀ ਰੂਈ ਦੀ ਗੁੱਡੀ
ਮੇਰੇ ਕੋਲ
ਜਿਨ੍ਹ ਕਿੰਨੀ ਵਾਰ ਹੀ
ਹੰਝੂਆਂ ਦੇ ਨਮ ਝੱਲੇ ਨੇ

ਸਭ ਤੋਂ ਸੋਹਣੀ ਇੱਕ ਨਿਸ਼ਾਨੀ
ਉਡੀਕ ਰਾਜੇ ਨੂੰ ਲੱਗਦੀ ਏ
ਏਸੇ ਉਡੀਕ ਦੇ ਵਿਚ ਸੱਜਣਾਂ
ਸਾਡੇ ਸਾਹ ਸਾਰੇ ਮੁੱਕ ਚੱਲੇ ਨੇ

# ਦੁਖੜੇ ਭਰ ਪਿਟਾਰੀਆਂ ਵੇਚਾਂ

ਦੁਖੜੇ ਭਰ ਪਿਟਾਰੀਆਂ ਵੇਚਾਂ
ਰੀਝਾਂ ਲਿਖ ਲਿਖ ਸਾਰੀਆਂ ਵੇਚਾਂ
ਸੱਧਰਾਂ ਸਭ ਕੁਆਰੀਆਂ ਵੇਚਾਂ
ਯਾਦਾਂ ਜਾਨੋਂ ਪਿਆਰੀਆਂ ਵੇਚਾਂ

ਫੁੱਲਾਂ ਦੀਆਂ ਕਿਆਰੀਆਂ ਵੇਚਾਂ
ਹਿਜਰਾਂ ਦੀਆਂ ਬਿਮਾਰੀਆਂ ਵੇਚਾਂ
ਮੈਂ ਕਲਮਾਂ ਨਾਲ ਅੱਖਰ ਬੁਣ ਕੇ
ਆਪਣੀਆਂ ਸਭ ਦਿਲਦਾਰੀਆਂ ਵੇਚਾਂ

ਕੱਖੋਂ ਹੌਲੀਆਂ ਭਾਰੀਆਂ ਵੇਚਾਂ
ਖੁਸ਼ੀਆਂ ਗ਼ਮ-ਖਵਾਰੀਆਂ ਵੇਚਾਂ
ਦੁਸ਼ਵਾਰ ਹੋ ਗਿਆ ਸਾਡਾ ਜੀਣਾ
ਮਰਨੇ ਦੀਆਂ ਤਿਆਰੀਆਂ ਵੇਚਾਂ

ਤਸਵੀਰਾਂ ਕੁਝ ਨਿਆਰੀਆਂ ਵੇਚਾਂ
ਪੰਛੀਆਂ ਦੀਆਂ ਉਡਾਰੀਆਂ ਵੇਚਾਂ

ਮੁੱਠੀਆਂ ਮੀਚ ਕੇ ਹੱਥਾਂ ਵਾਲੀਆਂ
ਲੀਕਾਂ ਕਰਮਾਂ ਮਾਰੀਆਂ ਵੇਚਾਂ

ਕਿਸਮਤ ਤੋਂ ਫਟਕਾਰੀਆਂ ਵੇਚਾਂ
ਅਜ਼ਲਾਂ ਤੋਂ ਰੂਹਦਾਰੀਆਂ ਵੇਚਾਂ
ਹੰਝੂਆਂ ਦੀਆਂ ਕਤਾਰਾਂ ਪਾ ਪਾ
ਸ਼ੀਸ਼ੇ ਦੇ ਵਿੱਚ ਖਾਰੀਆਂ ਵੇਚਾਂ

ਸੱਭੇ ਵਫ਼ਾਦਾਰੀਆਂ ਵੇਚਾਂ
ਰਾਜੇ ਰਾਜ਼ਦਾਰੀਆਂ ਵੇਚਾਂ
ਨਿੱਘੀਆਂ ਲੈ ਗਿਆਂ ਚੋਰੀ ਕਰਕੇ
ਸਾਹਾਂ ਠੰਢੀਆਂ ਠਾਰੀਆਂ ਵੇਚਾਂ

ਅਰਜਾਂ ਜੋ ਗੁਜ਼ਾਰੀਆਂ ਵੇਚਾਂ
ਲਿੱਪੀਆਂ ਦਿਲ ਦੀਆਂ ਹਾਰੀਆਂ ਵੇਚਾਂ
ਅੱਧਕ, ਟਿੱਪੀ, ਕੰਨਾਂ, ਬਿੰਦੀ,
ਔਂਕੜ, ਲਾਂ, ਬਿਹਾਰੀਆਂ ਵੇਚਾਂ

# ਰਾਜਾ ਠੀਕ ਨਹੀਂ ਲਗਦਾ

ਕਹਿੰਦੇ ਰਾਜਾ ਠੀਕ ਨਹੀਂ ਲਗਦਾ
ਭੇਦ ਅਸਾਡੇ ਖੁੱਲ੍ਹ ਗਏ ਨੇ
ਨਾ ਨਾ ਕੁਝ ਨਹੀਂ ਹੋਇਆ ਮੈਨੂੰ
ਸੁਫਨੇ ਇੱਕ ਦੋ ਰੁਲ ਗਏ ਨੇ

ਅੱਜ ਸ਼ੈਤਾਨ ਦਾ ਵਾਸ ਹੈ
ਸਾਡੇ ਘਰ ਵਿੱਚ ਜੀ
ਇੱਕ ਦੋ ਛਿੱਟੇ ਖ਼ੂਨ ਦੇ
ਦਰ 'ਤੇ ਡੁੱਲ੍ਹ ਗਏ ਨੇ

ਸਾਡੇ ਗਰੇਬਾਨ ਤੋਂ
ਦਾਗ਼ ਨਾ ਲੱਥੇ ਜੀ
ਉਹਦੇ ਇੱਕ ਦੋ
ਹੰਝੂਆਂ ਦੇ ਨਾਲ ਧੁਲ ਗਏ ਨੇ

ਭੱਜਿਆ ਕਾਫੀ
ਉਹਦੇ ਤੀਕ ਨਾ ਪਹੁੰਚਿਆ ਮੈਂ
ਜਿਗਰੇ ਥੋੜ੍ਹੇ ਰਾਹ ਵਿੱਚ ਹੀ
ਸਾਹ ਫੁੱਲ ਗਏ ਨੇ

ਦੌੜ 'ਚ ਉਸ ਵੀ
ਪਿੱਛੇ ਪਰਤ ਕੇ ਵੇਖਿਆ ਨਾ
ਜਿੱਤ ਦੀ ਖੁਸ਼ੀ 'ਚ
ਖੌਰੇ ਸਾਨੂੰ ਭੁੱਲ ਗਏ ਨੇ

ਕੀ ਸਾਡੇ ਜਿਸਮ 'ਚ
ਰੱਤ ਦਾ ਇੱਕ ਵੀ ਕਤਰਾ ਨਾ ?
ਜੋ ਉਸ ਪਿਸ਼ਾਚ ਦੇ ਪਿਆਸ ਨਾਲ
ਸੁੱਕ ਬੁੱਲ੍ਹ ਗਏ ਨੇ

ਅਸਾਂ ਤਾਂ ਕੀਮਤ
ਤਾਰਨੀ ਸੈਂ ਵੇ ਉਮਰਾਂ ਦੀ
ਉਹ ਖੌਰੇ ਕਿਹੜੀ
ਤੱਕੜੀ ਦੇ ਵਿੱਚ ਤੁੱਲ ਗਏ ਨੇ

ਕਹਿੰਦੇ ਰਾਜਾ ਠੀਕ ਨਹੀਂ ਲੱਗਦਾ
ਭੇਦ ਅਸਾਡੇ ਖੁੱਲ੍ਹ ਗਏ ਨੇ
ਨਾ ਨਾ ਕੁਝ ਨਹੀਂ ਹੋਇਆ ਮੈਨੂੰ
ਸੁਫ਼ਨੇ ਇੱਕ ਦੋ ਰੁਲ ਗਏ ਨੇ

# ਕੁਦਰਤ ਬਨਾਮ ਤੁਸੀਂ

ਕੀ ਕਰਨਾ ਮੈਂ ਸ਼ਾਮਾਂ ਏ ਸੁਰਮਈਆਂ ਦਾ
ਕੀ ਭਾਅ ਸਾਨੂੰ ਪੋਹ ਵਿੱਚ ਧੁੰਦਾਂ ਪਈਆਂ ਦਾ

ਤੂੰ ਆਵੇਂ ਤਾਂ ਮੌਸਮ ਰੱਜ ਰੱਜ ਮਾਣਾਂਗੇ
ਤੇਰਾ ਰਾਹ ਮੈਂ ਵੇਖਾਂ ਸੱਜਣਾ
ਵਰ੍ਹਿਆਂ ਕਈਆਂ ਦਾ

ਤੇਰੇ ਵਾਲ਼ ਨੇ ਧਾਗੇ ਰੇਸ਼ਮ ਦੇ
ਤੇ ਹੱਥ ਰੂਈ ਜਿਹੇ ਕੂਲ੍ਹੇ ਨੀ
ਦੁਨੀਆਂ ਲਈ ਕੋਈ ਵੱਖਰਾ ਏ
ਤੂੰ ਸਾਡਾ ਫੁੱਲ ਕਪਹੀਆਂ ਦਾ

ਸੂਰਜ ਤੇਰੇ ਕੋਲੋਂ ਡਰਦਾ ਚੜ੍ਹਦਾ ਨਹੀਂ
ਚੜ੍ਹੇ ਵੀ ਕਿਸ'ਰ੍ਹਾਂ ਤੇਰਾ ਤੇਜ਼ ਈ ਠਰਦਾ ਨਹੀਂ
ਤੂੰ ਨਿਖਰ ਆਵੇਂ ਜੱਦ੍ਹੋ ਈ ਫਿੱਕਾ ਪੈ ਜਾਂਦਾ
ਤੇਰੇ ਰੂਪ ਅੱਗੇ ਰੰਗ ਅੱਲ੍ਹੜ ਦੂਧ ਮੱਕਈਆਂ ਦਾ

ਨਸ਼ਾ ਕਰੇਂਦੀਆ ਜਾਵਣ ਤੇਰੀਆਂ ਅੱਖਾਂ ਨੀ
ਸਰੂਰ ਵੀ ਐਸਾ ਉੱਤਰੇ ਨਾ ਦਿਨ ਲੱਖਾਂ ਨੀ

ਤੇਰੇ ਹੱਥ ਲਾਇਆ ਤੋਂ ਫਿਰ ਤੋਂ ਖਿੜ ਉੱਗ ਜਾਂਦਾ ਏ
ਕੋਈ ਮਰਿਆ ਸੁੱਕਾ ਬੂਟਾ ਭੰਗ ਨਸ਼ਈਆਂ ਦਾ

ਪੁਸ਼ਪ ਵੀ ਤੇਰੇ ਆਉਣ ਨਾਲ ਮਹਿਕਾਂ ਛੱਡਦੇ ਨੀ
ਤੇਰੀ ਚਮੜੀ ਚੁੰਮ ਲੈਣ ਕੰਡੇ ਤੈਨੂੰ ਵੱਢਦੇ ਨਹੀਂ
ਕੋਈ ਨਾ ਜਾਣੇ ਮੈਂ ਜਾਣਾਂ ਤੂੰ ਹੀ ਕਾਰਨ ਏ
ਫੁੱਲਾਂ ਦੇ ਨੀ ਬਦਲੇ ਇਹਨਾਂ ਰਵੱਈਆਂ ਦਾ

ਜੋ ਕੁਦਰਤ ਦੇ ਗੁਣ ਗਾਉਂਦਿਆਂ ਕਦੇ ਵੀ ਥੱਕਦੇ ਨਹੀਂ
ਜੋ ਆਖਣ ਬੰਦੇ ਕੁਦਰਤ ਬਾਝੋਂ ਬਚਦੇ ਨਹੀਂ
ਤੇਰੇ ਮੂਹਰੇ ਆ ਕੇ ਸਭ ਭੁੱਲ ਜਾਂਦੇ ਨੇ
ਮੂੰਹ ਬੰਦ ਹੋ ਜਾਏ ਰਾਜੇ ਜਿਹੇ ਗਵੱਈਆਂ ਦਾ

# ਸਦੀਆਂ ਵੇਖੀਆਂ ਨੇ

ਮੈਂ ਹੰਝੂ ਰੂਪੀ ਅੱਖ ’ਚੋਂ ਵਗੀਆਂ
ਕਿੰਨੀਆਂ ਨਦੀਆਂ ਵੇਖੀਆਂ ਨੇ

ਦਿਨ ਸੀ ਸਾਲਾਂ ਵਰਗੇ
ਮੇਰੇ ਬਿਰਹੋਂ ਸਦੀਆਂ ਵੇਖੀਆਂ ਨੇ

ਆਪਣੇ ਅੰਦਰ ਅੱਜ ਤੀਕਰ
ਕਈ ਨੇਕੀਆਂ ਬਦੀਆਂ ਵੇਖੀਆਂ ਨੇ

ਆਸਾਂ ਵਿਧਵਾ ਹੋ ਗਈਆਂ
ਹੁਣ ਕਿੱਥੇ ਸਜੀਆਂ ਵੇਖੀਆਂ ਨੇ

ਮੈਂ ਸੂਰਜ ਪ੍ਰਤਾਪੀ ਤੋਂ
ਕਈ ਰਾਤਾਂ ਮਘੀਆਂ ਵੇਖੀਆਂ ਨੇ

ਮੈਂ ਚਿਖਾ ਦੀ ਅਗਨੀ ਤੋਂ
ਕੁਝ ਅੱਖਾਂ ਜਗੀਆਂ ਵੇਖੀਆਂ ਨੇ

ਇੱਕ ਕਮਰੇ ਦੀ ਦਹਿਲੀਜ਼ ਉੱਤੇ
ਕੁਝ ਸੱਧਰਾਂ ਦੱਬੀਆਂ ਵੇਖੀਆਂ ਨੇ

ਮੈਂ ਕੁਝ ਗਿੱਲੀਆਂ ਅੱਖਾਂ ਵੀ
ਪਰਦੇ ਵਿੱਚ ਕੱਜੀਆਂ ਵੇਖੀਆਂ ਨੇ

ਮੈਂ ਇਸ ਕੂੜ ਜ਼ਮਾਨੇ ਵਿੱਚ
ਕਈ ਠੋਗੀਆਂ ਠੱਗੀਆਂ ਵੇਖੀਆਂ ਨੇ

ਮੈਂ ਬੋਲਾਂ ਦੀਆਂ ਦਿਲ ਉੱਤੇ
ਕਿਰਪਾਨਾਂ ਵੱਜੀਆਂ ਵੇਖੀਆਂ ਨੇ

ਮੈਂ ਇੱਕ ਰਾਜੇ ਦੇ ਪੈਰਾਂ ਵਿੱਚ
ਬੇੜੀਆਂ ਬੱਧੀਆਂ ਵੇਖੀਆਂ ਨੇ

ਮੈਂ ਪੀੜਾਂ ਦੁੱਖੋਂ ਜਾਨਾਂ ਜੱਗ ਤੋਂ
ਜਾਂਦੀਆਂ ਲੱਗੀਆਂ ਵੇਖੀਆਂ ਨੇ

# ਦਿਲ ਕਰਨ ਨੂੰ ਕੀ ਕਹਿੰਦਾ ?

ਦਿਲ ਕਰਨ ਨੂੰ ਕੀ ਕਹਿੰਦਾ
ਤੇ ਮੈਂ ਕੀ ਦਾ ਕਰ ਕੀ ਰਿਹਾਂ

ਮਰ ਕੇ ਜੀਣਾ ਕੀ ਹੁੰਦਾ ?
ਬਈ ਮੈਥੋਂ ਪੁੱਛੋ ਜੀ ਰਿਹਾਂ

ਮੇਰੇ ਹਾਲ ਦਾ ਦੋਸ਼ੀ ਕੋਈ ਨਾ
ਇੱਕ ਮੈਂ ਤੇ ਮੈਂ ਹੀ ਰਿਹਾਂ

ਮੈਂ ਫੱਟ ਸੀਨੇ ਉੱਤੇ ਖਾ ਕੇ
ਅੱਜ ਜਖ਼ਮ ਹਾਂ ਸੀਂ ਰਿਹਾਂ

ਮਹਿਲ ਉਹ ਢਹਿਣਾਂ ਨਿਸ਼ਚਿਤ ਹੈ
ਜਿਹੜਾ ਝੂਠ ਦੀ ਨੀਂਹ ਰਿਹਾਂ

ਮੈਂ ਅੱਜ ਛੱਡ ਕੇ ਭਰੇ ਮੈਖ਼ਾਨੇ
ਗ਼ਮ ਦੇ ਅੱਥਰੂ ਪੀ ਰਿਹਾਂ

ਮੇਰੇ ਦੁੱਖ 'ਤੇ ਕੋਈ ਨਾ ਚੀਕੇ
ਮੈਂ ਸਭਦਾ ਹਮਦਰਦੀ ਰਿਹਾਂ

ਉਹਦੇ ਰਾਹ ਨੇ ਵੱਖ ਹੋ ਗਏ
ਪਰ ਮੈਂ ਉਹਦੀ ਲੀਹ ਰਿਹਾਂ

ਜੇ ਮੈਂ ਉਹਦਾ ਦੁਸ਼ਮਣ ਅੱਜ
ਤਾਂ ਕਦੇ ਪ੍ਰੀਤਮ ਵੀ ਰਿਹਾਂ

ਦਿਲ ਕਰਨੇ ਨੂੰ ਕੀ ਕਹਿੰਦਾ
ਪਰ ਮੈਂ ਕੀ ਦਾ ਕਰ ਕੀ ਰਿਹਾਂ

# ਉੱਡਣ ਖਟੋਲਿਆ

ਹਾਏ ਵੇ ਉੱਡਣ ਖਟੋਲਿਆ ਵੇ
ਤੂੰ ਕੈਸੀ ਭਰੀ ਉਡਾਰ

ਸਾਨੂੰ ਦੂਰ ਦੁਰੇਡੇ ਲੈ ਚੱਲਿਓਂ
ਵੇ ਮਾਹੀ ਵਤਨੋਂ ਬਾਹਰ

ਮੁੜ ਪਿੱਛੇ ਅੰਬਰ ਰਾਹੀਆ
ਮੈਂ ਰੋਵਾਂ ਜ਼ਾਰੋਜ਼ਾਰ

ਕਿਤੇ ਸਮਝ ਸਾਨੂੰ ਪ੍ਰਦੇਸੀ ਹੋਏ
ਨਾ ਸੱਜਣ ਦੇਣ ਵਿਸਾਰ

ਭਾਵੇਂ ਏਸ ਸਵਾਰੀ ਦੇ ਨੇ
ਹੋਰ ਵੀ ਲੋਕ ਸ਼ਿੰਗਾਰ

ਜੀ ਕਰਦੈ ਕੁਤਰ ਕੇ ਰੱਖ ਛੱਡਾਂ
ਮੈਂ ਤੇਰੇ ਪਰਾਂ ਦੀ ਧਾਰ

ਇੱਕ ਅਚਨਚੇਤੀ ਜਿਹੀ ਸੀਤ ਕੋਈ
ਗਈ ਮੇਰੇ ਦਿਲ ਨੂੰ ਠਾਰ

ਮੈਨੂੰ ਮੁੜ ਮੁੜ ਜਾਪੇ ਕਿ ਮੈਨੂੰ
ਅੱਜ ਢੋਲਾ ਰਿਹਾ ਪੁਕਾਰ

ਵੇ ਅਰਸ਼ਾਂ ਦੇ ਰਾਜਿਆ
ਤੈਨੂੰ ਕਿਉਂ ਸ਼ਰਮ ਨਾ ਸਾਰ

ਮੈਂ ਸੁਣਿਆ ਸੀ ਤੂੰ ਮੇਲਦੈਂ
ਸਾਲਾਂ ਵਿੱਛੜੇਂ ਪਰਿਵਾਰ

ਮੈਨੂੰ ਖੰਭ ਲਵਾ ਦੇ ਅੱਲ੍ਹਾ
ਉਸ ਕੋਲ ਜਾਵਾਂ ਖੰਭ ਖਿਲਾਰ

ਹੁਣ ਸੋਚਾਂ ਕੀਕਣ ਹੋਵੇਗਾ
ਮੈਨੂੰ ਸੋਹਣਿਆ ਦਾ ਦੀਦਾਰ

ਹਾਏ ਵੇ ਉੱਡਣ ਖਟੋਲਿਆ
ਤੂੰ ਕੈਸੀ ਭਰੀ ਉਡਾਰ

# ਹਸੀਨ ਪਲ

ਕਿੰਨਾ ਏ ਹਸੀਨ ਪਲ
ਜਿੰਦ ਗੁਲਜ਼ਾਰ ਦਾ
ਤੇਰੀ ਮੈਂ ਉਡੀਕ ਵਿੱਚ
ਘੜੀ ਨੂੰ ਨਿਹਾਰਦਾ

ਲਾਲ, ਚਿੱਟੇ, ਨੀਲੇ, ਪੀਲੇ
ਰੰਗ ਨੇ ਬਥੇਰੇ
ਦੇਖ ਰੰਗਾਂ ਵਿੱਚੋਂ ਰੰਗ
ਸਾਨੂੰ ਚੜ੍ਹਿਆ ਪਿਆਰ ਦਾ

ਤੇਰੇ ਮੁੱਖ ਵਿੱਚੋਂ
ਸਾਰੀ ਦੁਨੀਆਂ ਮੈਂ ਵੇਖ ਲਵਾਂ
ਤੇਰਾ ਮੁੱਖੜਾ ਵਿਖਾਵੇ
ਮੈਨੂੰ ਫੁੱਲ ਕਚਨਾਰ ਦਾ

ਰਾਹ ਛੱਡ ਦੁਨੀਆ ਦੇ
ਸੱਤ ਨੀ ਅਜੂਬਿਆ ਦੇ
ਸਾਨੂੰ ਰਾਹ ਪਿਆਰਾ ਲੱਗੇ
ਤੇਰੇ ਦਰਬਾਰ ਦਾ

ਇੱਕ ਰਾਜਾ ਡਰਦਾ ਏ
ਤੇਰੀ ਨੀ ਜੁਦਾਈ ਪੱਖੋਂ
ਕਿੱਥੇ ਡਰ ਸਾਨੂੰ
ਕਿਸੇ ਤੀਰ ਤਲਵਾਰ ਦਾ

ਹਰ ਸੁੱਖ ਦੁੱਖ
ਇਹਨੂੰ ਸ਼ਾਮਿਲ ਮੈਂ ਕਰਾਂ
ਬਣੀ ਤੇਰੀ ਤਸਵੀਰ ਹਿੱਸਾ
ਸਾਡੇ ਪਰਿਵਾਰ ਦਾ

ਕਿੱਥੇ ਮੇਲ ਖਾਣਗੇ
ਨੀ ਅਰਬੀ ਕਾਨੂੰਨ
ਜਦੋਂ ਗੁੱਸਾ ਨੱਕ ਉੱਤੇ ਹੋਵੇ
ਸਾਡੀ ਸਰਕਾਰ ਦਾ

ਮਾਹੀ ਘਰ ਆਉਣਾ
ਨੀ ਮੈਂ ਕੰਧਾਂ ਨੂੰ ਸਜਾਉਂਦਾ ਫਿਰਾਂ
ਸੁੰਬਰਦਾ ਵਿਹੜਾ ਫਿਰਾਂ
ਗਲੀਆਂ ਸਵਾਰਦਾ

ਕਿੰਨਾ ਏ ਹਸੀਨ ਪਲ
ਜਿੰਦ ਗੁਲਜ਼ਾਰ ਦਾ
ਤੇਰੀ ਮੈਂ ਉਡੀਕ ਵਿੱਚ
ਘੜੀ ਨੂੰ ਨਿਹਾਰਦਾ

# ਕਾਲਾ ਦਿਨ

ਅੱਜ ਕੋਈ ਗ਼ਜ਼ਲ ਨੂੰ
ਪੜ੍ਹਿਆ ਨਹੀਂ ਮੈਂ
ਆਪਣੀ ਸੋਚ ਨੂੰ
ਘੜਿਆ ਨਹੀਂ ਮੈਂ

ਸਾਰਾ ਸ਼ਹਿਰ ਹੀ
ਘੁੰਮ ਆਇਆਂ
ਪਰ ਦਿਲ ਦੀ ਗਲੀ 'ਚ
ਵੜਿਆ ਨਹੀਂ ਮੈਂ

ਝੂਠ ਦੇ ਥਾਂ ਥਾਂ
ਟੋਏ ਪੁੱਟੇ
ਸੱਚ ਦੀ ਪੌੜੀ
ਚੜ੍ਹਿਆ ਨਹੀਂ ਮੈਂ

ਕਈ ਗੁਨਾਹਾਂ
ਗੌਰ ਨਹੀਂ ਕੀਤੀ
ਕਿਸੇ ਦੇ ਹੱਕ ਵਿੱਚ
ਖੜਿਆ ਨਹੀਂ ਮੈਂ

ਦੁਖਦੀ ਧੁਖਦੀ
ਕਿਸੇ ਦੀ ਜ਼ਿੰਦਗੀ
ਸੁੱਖ ਦਾ ਪਾਣੀ
ਹੜ੍ਹਿਆ ਨਹੀਂ ਮੈਂ

ਕਿੰਨੇ ਮੇਰੇ
ਮੂਹਰੇ ਡਿੱਗੇ
ਇੱਕ ਦਾ ਹੱਥ ਵੀ
ਫੜਿਆ ਨਹੀਂ ਮੈਂ

ਹੰਕਾਰ 'ਚ ਆ ਕੇ
ਭਿੜਿਆ ਫਿਰਦਾਂ
ਹੱਕ ਸੱਚ ਦੇ ਲਈ
ਲੜਿਆ ਨਹੀਂ ਮੈਂ

ਮਿਆਰ ਸੋਚ ਦਾ
ਕੱਚਾ ਰੱਖਿਆ
ਤਪਦੀ ਰੇਤ 'ਚ
ਰੜਿਆ ਨਹੀਂ ਮੈਂ

ਸੋਚਾਂ ਸੱਚ ਮੁੱਚ
ਸੜ ਹੀ ਜਾਵਾਂ
ਅੱਜ ਤੇਰੀ ਯਾਦ 'ਚ
ਸੜਿਆ ਨਹੀਂ ਮੈਂ

ਸੋਚ ਰਾਜੇ ਦੇ
ਕਿਹੜੇ ਕੰਮ ਦੀ ?
ਜੇ ਤੇਰੀ ਸੋਚ 'ਚ
ਤੜਿਆ ਨਹੀਂ ਮੈਂ

# ਮੈਂ ਤੇਰਾ ਹਾਂ

ਤੂੰ ਚੰਗਾ ਏ ਜਾਂ ਮੰਦਾ ਏ
ਮੈਂ ਤੇਰਾ ਹਾਂ
ਸਾਡੇ ਲਈ ਤੂੰ ਭਾਵੇਂ
ਗਲ਼ ਦਾ ਫੰਦਾ ਏ
ਮੈਂ ਤੇਰਾ ਹਾਂ

ਕੁਝ ਦੇ ਕੇ ਲੈਣ ਦੀ ਆਸ
ਹੈ ਸੋਚ ਵਪਾਰੀ ਦੀ
ਅਸੀਂ ਪਿਆਰ 'ਚ ਹਾਂ
ਤੇ ਇਹ ਕਿਹੜਾ ਕੋਈ ਧੰਦਾ ਏ
ਮੈਂ ਤੇਰਾ ਹਾਂ

ਮੈਨੂੰ ਪਤਾ ਏ ਸਭ ਕੁਝ
ਅੱਜਕੱਲ੍ਹ ਕੀ ਕੁਝ ਚੱਲ ਰਿਹਾ
ਲੋਕੀਂ ਆਖਣ ਮੈਨੂੰ
ਪਿਆਰ 'ਚ ਅੰਧਾ ਏ
ਮੈਂ ਤੇਰਾ ਹਾਂ

ਜੇ ਤੂੰ ਮੈਨੂੰ ਨਹੀ ਚਾਹੁੰਨਾ
ਤੇ ਮੈਂ ਵੀ ਪਾਸਾ ਵੱਟ ਲਵਾਂ
ਸੱਜਣਾ ਵਿੱਚ ਮੁਹੱਬਤਾਂ ਦੇ
ਐਸਾ ਕੰਮ ਤਾਂ ਗੰਦਾ ਏ
ਮੈਂ ਤੇਰਾ ਹਾਂ

ਪਿਆਰ ਦੀ ਚੀਸ ਦਾ
ਮਜ਼ਾ ਈ ਵੱਖਰਾ ਹੁੰਦਾ ਸੂ
ਤੇਰੀ ਸੋਚਾਂ ਯਾਦਾਂ
ਆਰੇ ਵਾਲਾ ਦੰਦਾ ਏ
ਮੈਂ ਤੇਰਾ ਹਾਂ

ਮਾਲਕ ਹੱਥੋਂ ਜ਼ਹਿਰ ਖਾ ਲਵੇ
ਗੈਰਾਂ ਹੱਥੋਂ ਰੋਟੀ ਨਹੀਂ
ਲੋਕੀਂ ਆਖਣ ਕੁੱਤਾ ਏ
ਮੈਂ ਆਖਾਂ ਰੱਬ ਦਾ ਬੰਦਾ ਏ
ਮੈਂ ਤੇਰਾ ਹਾਂ

ਜੇ ਰਾਜੇ ਦੀ ਸਭ
ਅਰਥੀ ਚੁੱਕਣੋਂ ਬਿਟਰ ਗਏ
ਮੈਨੂੰ ਰਾਂਝੇ, ਮਿਰਜ਼ੇ, ਪੁਨੂੰ
ਨਾਲੇ ਮਹੀਂਵਾਲ ਦਾ ਕੰਧਾ ਏ
ਮੈਂ ਤੇਰਾ ਹਾਂ

# ਦੋ ਰੂਹਾਂ

ਮੈਨੂੰ ਲੱਗੇ ਮੇਰੇ ਅੰਦਰ
ਦੋ ਰੂਹਾਂ ਦਾ ਵਾਸ
ਇੱਕ ਸ਼ੈਤਾਨ ਦੀ ਕਰੇ ਗੁਲਾਮੀ
ਦੂਜੀ ਰੱਬ ਦੀ ਆਸ

ਸਾਰਾ ਜੱਗ ਮੈਂ
ਜਿੱਤਣਾ ਚਾਹਵਾਂ
ਫਿਰ ਸੋਚਾਂ ਮੈਂ ਆਖ਼ਰ ਜੱਗ ਤੋਂ
ਕੀ ਲੈ ਜਾਣਾ ਸਾਥ ?

ਇੱਕ ਪਾਸੇ
ਮਹਿ ਟਲਦੀ ਨਾਹੀਂ
ਦੂਜੇ ਪਾਸੇ ਵੇਚ ਵੱਟ ਕੇ
ਕੀ ਏ ਮੇਰੇ ਪਾਸ ?

ਇੱਕ ਪਾਸੇ ਮੈਂ ਕੁੱਤੇ ਪਾਲਾਂ
ਤੇ ਮੁਰਗ ਦਾ ਖਾਲਾਂ ਮਾਸ
ਕਦੇ ਘੋੜੇ ਦੇ ਕੋੜੇ ਮਾਰਾਂ
ਕਦੇ ਮੈਂ ਪਾਵਾਂ ਘਾਸ

ਕਦੇ ਦੋ ਘੁੱਟ ਜਲ ਦੇ ਪੀ ਕੇ
ਢਿੱਡ ਹੈ ਭਰ ਜਾਂਦਾ
ਕਦੇ ਮੈਖ਼ਾਨੇ ਖਾਲੀ ਕਰਕੇ
ਵੀ ਨਾ ਬੁੱਝਦੀ ਪਿਆਸ

ਇਹ ਸੋਚਾਂ ਇੱਕ ਦੂਜੇ ਨਾਲ
ਲੜਦੀਆਂ ਰਹਿੰਦੀਆਂ ਨੇ
ਕਦੇ ਕਦੇ ਮੈਂ ਰਾਜਾ ਹੁੰਨਾ
ਕਦੇ ਕਦੇ ਮੈਂ ਦਾਸ

# ਤੇਰੀ ਯਾਦ

ਪੈਰੋਂ ਪੈਰ ਸੰਭਾਲੀ ਆਉਨਾਂ
ਬੱਚਿਆਂ ਵਾਂਗਰ ਪਾਲੀ ਆਉਨਾਂ

ਇੱਕ ਇੱਕ ਪਲ ਮੈਂ ਤੇਰੀ ਯਾਦ ਦਾ
ਸ਼ੇਅਰਾਂ ਦੇ ਵਿੱਚ ਢਾਲੀ ਆਉਨਾਂ

ਖੌਰੇ, ਕਿਸ ਜ਼ਾਲਮ ਦੀ ਗੁੜ੍ਹਤੀ
ਮੈਂ ਰੂਹ ਦੀ ਕਰੀ ਮਲਾਲੀ ਆਉਨਾਂ

ਪਿਆਰ ਖਜ਼ਾਨੇ ਲੱਭਣ ਤੁਰ ਜਾਂ
ਜਦ ਵੀ ਆਵਾਂ ਖਾਲੀ ਆਉਨਾਂ

ਤੂੰ ਆਇਆ ਏ ਹੱਥ ਵਿੱਚ ਕੀ ਏ ?
ਜ਼ਹਿਰ ਦੀ ਭਰੀ ਪਿਆਲੀ ਆਉਨਾਂ

ਮਹਿਫ਼ਲਾਂ ਦੇ ਵਿੱਚ ਰੰਗ ਮੈਂ ਬੰਨ੍ਹਾਂ
ਦੁੱਖ ਦੀ ਕਰੀ ਕਵਾਲੀ ਆਉਨਾਂ

ਸੋਚ ਦਾ ਘੇਰਾ ਜਕੜ ਲੈ ਮੈਨੂੰ
ਇੱਕ ਇੱਕ ਸੋਚ ਨੂੰ ਟਾਲੀ ਆਉਨਾਂ

ਕੀ ਤੂੰ ਇਸ ਵਿੱਚ ਮਹਿਲ ਏ ਪਾਇਆ ?
ਜੋ ਮੇਰੇ ਨਿੱਤ ਖ਼ਿਆਲੀ ਆਉਨਾਂ

ਮੌਤ ਵਿਆਹੁਣੀ ਰਾਜਾ ਆਖੇ
ਸਿਹਰਾ ਬੰਨ੍ਹ ਕੇ ਕੱਲ੍ਹ ਹੀ ਆਉਨਾਂ

# ਚੋਰ

ਜਿਉਂ ਆਸਮਾਨ ਦੀ ਹਿੱਕ ਉੱਪਰ
ਨਿੱਤ ਬੱਦਲ ਘੋਰ ਜਿਹਾ ਰਹਿੰਦਾ ਏ

ਸਾਡੀ ਕਿਸਮਤ ਮਿੱਟੀ ਮਿਲ ਚੁੱਕੀ
ਜਿਉਂ ਘਰ ਕੋਈ ਰੇਤ ਦਾ ਢਹਿੰਦਾ ਏ

ਤੇ ਭਾਫ ਬਣੀ ਅਰਮਾਨਾਂ ਦੀ
ਜਿਉਂ ਪਾਣੀ ਅੱਗ ਨਾਲ ਖਹਿੰਦਾ ਏ

ਜਿਵੇਂ ਸਪੇਰਾ ਹੱਥਾਂ ਉੱਤੇ
ਸੱਪਾਂ ਦੇ ਡੰਗ ਸਹਿੰਦਾ ਏ

ਜਿਵੇਂ ਫ਼ਕੀਰ ਕੋਈ ਆਖਰੀ ਸਾਹ 'ਤੇ
ਨਾਮ ਖੁਦਾ ਦਾ ਲੈਂਦਾ ਏ

ਸਾਡਾ ਜੋਬਨ ਡੁੱਲ੍ਹ ਡੁੱਲ੍ਹ ਜਾਵੇ
ਜਿਸਰਾਂ ਪਾਣੀ ਅੱਖ ਚੋਂ ਵਹਿੰਦਾ ਏ

ਜਿਵੇਂ ਉੱਚੇ ਪਰਬਤ ਉੱਤੇ
ਕੋਈ ਸਾਧ ਨਾਮ ਲਈ ਬਹਿੰਦਾ ਏ

ਮੈਂ ਕਿਸੇ ਨੂੰ ਦੇਵਾਂ ਕੀ ਕਿ ਕੁਝ ਵੀ ਬਚਿਆ ਨਹੀਂ
ਮੇਰੇ ਦਿਲ ਅੰਦਰ ਇੱਕ ਪਿਆਰ ਦਾ ਚੋਰ ਵਸੇਂਦਾ ਏ

ਨਿਸ਼ਾਨੀਆਂ ਤੇ ਖ਼ਤ ਕਦੇ ਵੀ ਵਾਪਸ ਨਾ ਮੰਗੀਂ
ਉਂਝ ਰਾਜਾ ਤੈਨੂੰ ਹੱਸ ਕੇ ਜਿੰਦੜੀ ਦੇਂਦਾ ਏ

# ਤੇਰੇ ਹੁਸਨ ਦਾ ਗੀਤ

ਤੇਰੇ ਹੁਸਨ ਦਾ ਗੀਤ ਕੋਈ ਗਾਵਾਂ ਨੀ
ਜੋ ਇਨਾਇਤਾਂ ਜ਼ੁਲਫ਼ ਨਾਲ ਢੱਕੀਆਂ ਨੇ

ਤੇਰੀ ਅੱਖ ਹੈ ਲੋਰ ਮੈਖ਼ਾਨੇ ਦੀ
ਤੇ ਪਲਕਾਂ ਗੁਲਾਬ ਦੀਆਂ ਪੱਤੀਆਂ ਨੇ

ਦੰਦ ਮੋਤੀਆਂ ਵਾਂਗਰ ਚਮਕੇ ਨੀ
ਜਿਵੇਂ ਜੁਗਨ ਦੀਆਂ ਬੱਤੀਆਂ ਨੇ

ਦੋ ਬੁੱਲ੍ਹਾਂ ਦੀ ਕੀ ਸਿਫ਼ਤ ਕਰਾਂ
ਇਹ ਲਾਟਾਂ ਤੱਤੀਆਂ ਤੱਤੀਆਂ ਨੇ

ਤੇਰੇ ਨੱਕ ਦੇ ਕੋਕੇ ਕੀ ਆਖਾਂ
ਜੋ ਸਾਡੀਆਂ ਮਾਰੀਆਂ ਮੱਤੀਆਂ ਨੇ

ਵੇਖ਼ ਖਾਂ ਬੈਠ ਕੇ ਮਖ਼ਮਲ਼ 'ਤੇ
ਕਿੰਝ ਪੀਘਾਂ ਝੂਟਦੀਆਂ ਨੱਤੀਆਂ ਨੇ

ਤੇਰੇ ਵਾਲ ਨੇ ਧਾਗੇ ਰੇਸ਼ਮ ਦੇ
ਰੱਬ ਚਰਖੇ ਪਾ ਪਾ ਕੱਤੀਆਂ ਨੇ

ਤੌਹੀਨ ਹੋਈ ਤਾਂ ਮਾਫ਼ੀ ਵੱਲ ਨਹੀਂ ਲਿਖਣੇ ਦਾ
ਕਿਉਂ ? ਰਾਜੇ ਨੇ ਅਜੇ ਕੱਲ੍ਹ ਹੀ ਕਲਮਾਂ ਚੱਕੀਆਂ ਨੇ

# ਛੱਡ ਅਜ਼ਮਾਉਣਾ ਨੀ

ਕਾਗ ਨੇ ਭੁੱਲ ਗਏ ਪਤਾ ਨੀ ਏਸ ਬਨੇਰੇ ਦਾ
ਜਾਂ ਤੂਹੀਉਂ ਸੱਚਮੁੱਚ ਪਰਤ ਕੇ ਵਾਪਿਸ ਆਉਣਾ ਨਹੀਂ
ਆ ਕੀਤੇ ਵਾਅਦੇ ਤੋੜ ਨਿਭਾਈਏ ਇੱਕ ਸੱਜਣਾ
ਐਂਵੇ ਬੇਫ਼ਜੂਲ ਦਾ ਸਾਨੂੰ ਛੱਡ ਅਜ਼ਮਾਉਣਾ ਨੀ

ਸਿਗਰਟ ਵਾਂਗਰ ਜ਼ਿੰਦਗੀ ਨੂੰ ਮੈਂ ਫੂਕ ਲਿਆ
ਆਖਰ ਦੇ ਵਿੱਚ ਉਂਗਲਾਂ ਮੇਰੀਆਂ ਲਾਸ ਗਈਆਂ
ਹੁਣ ਪੱਟੀਆਂ ਨਾਲ ਆਰਾਮ ਕਦੇ ਵੀ ਆਉਣਾ ਨਹੀਂ
ਆਰਾਮ ਮਿਲੇ ਹੋਣ ਫੂਕਾਂ ਤੇਰੇ ਸੁਆਸ ਜਿਹੀਆਂ
ਕਿਹੜਾ ਵੈਦ ਬੁਲਾਵਾਂ ਕਿਹੜਾ ਡਾਕਟਰ ਨੀ
ਤੇਰੇ ਬਾਝੋਂ ਸਾਨੂੰ ਕਿਸੇ ਬਚਾਉਣਾ ਨਹੀਂ
ਆ ਕੀਤੇ ਵਾਅਦੇ ਤੋੜ ਨਿਭਾਈਏ ਇੱਕ ਸੱਜਣਾ

ਸਾਡੀ ਮਹਿਫਲ ਆ ਕੋਈ ਦਾਅਵਤ ਕਰੀਏ ਨੀ
ਤੈਨੂੰ ਬੁਰਕੀਆਂ ਤੋੜ ਖੁਆਵਾਂ ਜਿਗਰ ਕਬਾਬ ਦੀਆਂ
ਤੇਰੇ ਸਾਂਹਵੇ ਬਹਿ ਕੇ ਤੇਰੇ ਕਰਕੇ ਨੀ
ਕੁਝ ਸਤਰਾਂ ਗਾਵਾਂ ਆਪਣੀ ਕਿਸੇ ਕਿਤਾਬ ਦੀਆਂ

ਕਿੰਨੀ ਸੋਹਣੀ ਰਾਤ ਨਸ਼ੇੜੀ ਹੋਵੇਗੀ
ਮੈਂ ਦਿਲ ਦਾ ਹਰ ਇੱਕ ਬੋਲ ਹੈ ਤੈਨੂੰ ਸੁਣਾਉਣਾ ਨੀ
ਆ ਕੀਤੇ ਵਾਅਦੇ ਤੋੜ ਨਿਭਾਈਏ ਇੱਕ ਸੱਜਣਾ

ਕਿੰਝ ਦਿਨ ਕੱਢ ਲਏ ਮੈਂ ਤੇਰੇ ਬਾਰੇ ਸੋਚਦੇ ਨੇ
ਕਿੰਝ ਕੱਟੀਆਂ ਰਾਤਾਂ ਤੇਰੇ ਬਾਰੇ ਲਿਖ ਲਿਖ ਕੇ
ਕਿੰਝ ਲਹੂ ਡੋਲ੍ਹ ਕੇ ਹਰ ਇੱਕ ਅੱਖਰ ਸਿੰਜਿਆ ਨੀ
ਕਿੰਝ ਵਰਕੇ ਭਰੇ ਮੈਂ ਜਿੰਦ ਚੱਕੀ ਵਿੱਚ ਪਿਸ-ਪਿਸ ਕੇ
ਚੌਵੀ ਘੰਟੇ ਇਹੋ ਸੋਚਦਾ ਰਹਿੰਨਾ ਹਾਂ
ਕਿ ਤੂੰ ਹੁਣ ਖ਼ਤ ਕੋਈ ਰਾਜੇ ਲਈ ਸਜਾਉਣਾ ਨਹੀਂ
ਆ ਕੀਤੇ ਵਾਅਦੇ ਤੋੜ ਨਿਭਾਈਏ ਇੱਕ ਸੱਜਣਾ
ਐਵੇਂ ਬੇਫ਼ਜੂਲ ਦਾ ਸਾਨੂੰ ਛੱਡ ਅਜ਼ਮਾਉਣਾ ਨੀ

# ਸੱਜਣ ਮੈਂਡੇ ਘਰ ਆ ਵੇ

ਸੱਜਣ ਮੈਂਡੇ ਘਰ ਆ ਵੇ
ਮੈਂ ਰਾਹੀਂ ਫੁੱਲ ਵਿਛਾਵਾਂ

ਕਲੀਆਂ ਧਾਗੇ ਵਿੱਚ ਪਰੋ
ਮੈਂ ਹੱਥੀਂ ਹਾਰ ਸਜਾਵਾਂ

ਢੋਲ ਨਗਾਰੇ ਸ਼ਹਿਨਾਈਆਂ ਨਾਲ
ਐਸਾ ਜਸ਼ਨ ਮਨਾਵਾਂ

ਪੈਲਾਂ ਪਾਈ ਦਰ ਦੀ ਸੇਧੇ
ਮੈਂ ਮੋਰਾਂ ਨੱਚਣ ਲਾਵਾਂ

ਚਹੁੰ ਦੇਸ਼ੋਂ ਹਲਵਾਈ ਮੰਗਾਵਾਂ
ਸ਼ਾਹੀ ਪਾਕ ਬਣਾਵਾਂ

ਤੈਨੂੰ ਪੱਖ ਝੱਲਣ ਨਾਲੇ ਫ਼ਲ ਛਿੱਲਣ
ਮੈਂ ਦਾਸੀਆਂ ਕੋਲ ਬਿਠਾਵਾਂ

ਤੇਰੇ ਮੁੱਖ ਦਾ ਜੋ ਪ੍ਰਤੀਕ ਹੋਵੇ
ਇੱਕ ਐਸਾ ਮਹਿਲ ਬਣਾਵਾਂ

ਮੈਂ ਦੁੱਖਾਂ ਵਾਲੇ ਗੀਤ ਨੂੰ ਛੱਡ ਕੇ
ਲੱਖ ਲੱਖ ਸੋਹਲੇ ਗਾਵਾਂ

ਸਭਾ ਬਿਠਾਵਾਂ ਭੋਗ ਚੜ੍ਹਾਵਾਂ
ਲੰਗਰ ਪਿੰਡ ਖਵਾਵਾਂ

ਰਾਣੀ ਨੇ ਰਾਜੇ ਘਰ ਆਉਣਾ
ਗੱਲ ਦੇਸ਼ਾਂ ਤੀਕ ਪੁਚਾਵਾਂ

# ਵਾਅਦੇ

ਕੋਈ ਆਪਣੇ ਵਾਅਦੇ ਭੁੱਲ ਕੇ ਬੈਠਾ
ਕੋਈ ਆਪਣੇ ਰੋਜ਼ ਵਿਚਾਰੇ
ਇਸ਼ਕ ਦੀ ਬਾਜ਼ੀ ਐਸੀ ਅਟਕੀ
ਅਸੀਂ ਨਾ ਜਿੱਤੇ ਨਾ ਹਾਰੇ

ਚੱਪੂ ਮੇਰੇ ਹੱਥੋਂ ਫੜ ਕੇ
ਮਲਾਹ ਡੁੱਬ ਗਿਆ ਅੱਧ ਵਿਚਕਾਰੇ
ਲਹਿਰ ਸਹਾਰੇ ਬੇੜੀ ਮੇਰੀ
ਕਿਹੜਾ ਪਾਰ ਉਤਾਰੇ

ਚੰਨ ਚੜ੍ਹ ਗਿਆ ਅੰਬਰੀਂ
ਉਹਦੇ ਮਗਰੇ ਲੱਖਾਂ ਤਾਰੇ
ਸਾਡਾ ਚੰਨ ਹੈ ਈਦ ਦਾ ਹੋਇਆ
ਸੁੰਨੇ ਪਏ ਚੁਬਾਰੇ

ਹੁਸਨ ਤੇਰੇ ਦੀ ਤਪਦੀ ਸੈਨਾ
ਸਾਡੇ ਸੈਨਿਕ ਮਾਰੇ
ਰਾਜੇ ਹੱਥੋਂ ਰਾਜ ਖੋਹ ਲਿਆ
ਤੈਨੂੰ ਕੌਣ ਵੰਗਾਰੇ

ਠੰਡੀਆਂ ਠੰਡੀਆਂ ਕਣੀਆਂ ਨੇ
ਅੱਜ ਸਾਡੇ ਸੀਨੇ ਠਾਰੇ
ਹੋਏ ਤੇਰੇ ਤੇ ਨਾ ਆਪਣੇ
ਗਏ ਕਿਸਮਤ ਹੱਥੋਂ ਮਾਰੇ

# ਜੁਦਾਈ ਦੀਆਂ ਰੁੱਤਾਂ

ਪੱਤਝੜ ਆਈ ਪੱਤਝੜ ਆਈ
ਪੱਤਿਆਂ ਧਰਤ 'ਤੇ ਮੇਲਾ ਹੋ ਗਿਆ
ਮੁੜ ਆ ਕੀਕਣ ਆਵੇਂਗਾ ਵੇ
ਵੇਖ ਖਾਂ ਕਿੱਡਾ ਵੇਲਾ ਹੋ ਗਿਆ

ਪੱਤਝੜ ਆਈ ਪੱਤਝੜ ਆਈ
ਨੂਰ ਕਿਰ ਗਿਆ ਹਰ ਇੱਕ ਰੁੱਖੋਂ
ਉਂਝ ਚੰਗਾ ਖਾਵਾਂ ਪੀਵਾਂ ਪਾਵਾਂ
ਰਾਜਾ ਸੁੱਕ ਗਿਆ ਤੇਰੀ ਭੁੱਖੋਂ

ਦਿਨ ਸਿਆਲੂ ਧੁੰਦਾਂ ਪਈਆਂ
ਝਾਉਲਾ ਝਾਉਲਾ ਦੁਨੀਆਂ ਵੇਂਹਦੀ
ਪਰ ਦੇਹ ਸਾਡੀ ਬਣ ਤਪਦਾ ਸੂਰਜ
ਵਿੱਚ ਵਿਛੋੜੇ ਮਚਦੀ ਰਹਿੰਦੀ

ਦਿਨ ਸਿਆਲੂ ਕੰਬਣੀਆਂ ਛਿੜੀਆਂ
ਲੋਕਾਂ ਮਣ ਮਣ ਕੋਟ ਚੜ੍ਹਾਏ
ਤੇ ਸਾਡੀ ਰੂਹ ਨੂੰ ਨਿੱਘ ਆਵੇ
ਤੂੰ ਮੇਰੀ ਗੱਲ੍ਹ ਨੂੰ ਹੋਠ ਛੁਹਾਏ

ਬਹਾਰ ਆ ਗਈ ਬਹਾਰ ਆ ਗਈ
ਸੋਹਣੇ ਸੋਹਣੇ ਫੁੱਲ ਖਿੜ ਗਏ ਨੇ
ਮੈਂ ਸੋਹਣਾ ਦੇਖਿਆ ਫੁੱਲ ਤੇਰੇ ਜਿਹਾ
ਜ਼ਿਕਰ ਤੇਰੇ ਹੁਣ ਫਿਰ ਛਿੜ ਗਏ ਨੇ

ਬਹਾਰ ਆ ਗਈ ਬਹਾਰ ਆ ਗਈ
ਦੇਖ ਆਕਾਸ਼ ਸੰਧੂਰੀ ਸੱਜਣਾ
ਤੇ ਦੇਖ ਤੂੰ ਰਾਹ ਰਾਹ ਭਟਕਦੀ ਫਿਰਦੀ
ਤੇਰੇ ਬਿਨ ਇੱਕ ਜਿੰਦ ਅਧੂਰੀ ਸੱਜਣਾ

ਗਰਮੀ ਦੀ ਰੁੱਤ ਆ ਗਈ ਸੱਜਣਾ
ਸੂਰਜ ਪੂਰੇ ਜੋਬਨ ਗੱਜੇ
ਵਾਂਗਰ ਮੁੜ੍ਹਕੇ ਵਿੱਚ ਵਿਛੋੜੇ
ਸਾਡੇ ਜੋਬਨ ਚੋਵਣ ਲੱਗੇ

ਗਰਮੀ ਦੀ ਰੁੱਤ ਸਾਵਣ ਆਇਆ
ਮੀਂਹ ਧਰਤੀ ਨੂੰ ਧੋਂਦਾ ਜਾਵੇ
ਕਣੀਆਂ ਵਾਂਗਰ ਅੱਥਰੂ ਡਿੱਗ ਪਏ
ਦਿਲ ਹਿਜ਼ਰਾਂ ਵਿੱਚ ਰੋਂਦਾ ਜਾਵੇ

ਰੁੱਤਾਂ ਤੇਰੇ ਬਾਂਝ ਕੀ ਮਾਣਾ ?
ਹਰ ਇੱਕ ਦਿਨ ਹੀ ਨਰਕ ਜਿਹਾ ਲੱਗਦੈ
ਸੀ ਕੁਦਰਤ ਚੋਖੀ ਪਿਆਰੀ ਮੈਨੂੰ
ਹੁਣ ਉਸ ਪਿਆਰ 'ਚ ਫ਼ਰਕ ਜਿਹਾ ਲੱਗਦੈ

# ਆਸ

ਤੇਰੇ ਦਿੱਤੇ ਦੁੱਖ ਨੂੰ
ਮੱਠਾ ਕਰਦਾ ਆਉਨਾ ਵਾਂ
ਉੱਧੜ ਗਿਆ ਸਾਂ
ਖੁਦ ਨੂੰ ਇਕੱਠਾ ਕਰਦਾ ਆਉਨਾ ਵਾਂ

ਜੋ ਪਿੱਛੇ ਨੇ
ਉਹਨਾਂ ਅੱਗੇ ਵਧਣ ਨੂੰ ਹੱਥ ਦੇਵਾਂ
ਆਪਣੇ ਆਪ ਨਾਲ ਵੈਸੇ
ਧੱਕਾ ਕਰਦਾ ਆਉਨਾ ਵਾਂ

ਮੈਂ ਜਿੱਥੇ ਪੈਰ ਧਰਾਂ
ਉਹ ਮਿੱਟੀ ਦੂਸ਼ਿਤ ਏ
ਤੂੰ ਜਿਸ ਦਰ ਵੜ ਜੇਂ
ਉਸਨੂੰ ਈ ਮੱਕਾ ਕਰਦਾ ਆਉਨਾ ਵਾਂ

ਤੂੰ ਜੋ ਸਾਨੂੰ ਆਪਣਾ ਕਰਕੇ
ਭੁੱਲ ਚੱਲਿਉਂ
ਮੈਂ ਲੱਖ ਬੇਗਾਨਿਆਂ ਨੂੰ ਵੀ
ਸਕਾ ਕਰਦਾ ਆਉਨਾ ਵਾਂ

ਮੈਂ ਦਿਲ ਵਿੱਚ ਖਾਰ ਦੀ ਨਹਿਰ ਨੂੰ
ਕਦੇ ਨਾ ਬੰਨ੍ਹ ਲਾਇਆ
ਉਂਞ ਤੇਰੀ ਯਾਦ ਨੂੰ ਨਿੱਤ ਹੀ
ਨੱਕਾ ਕਰਦਾ ਆਉਨਾ ਵਾਂ

ਰਾਜੇ ਐਸੀ ਹਾਰ ਮੰਨ ਲਈ
ਜ਼ਿੰਦਗੀ ਤੋਂ
ਜਿੱਤਿਆਂ ਨੂੰ ਮੈਂ
ਹੱਕਾ-ਬੱਕਾ ਕਰਦਾ ਆਉਨਾ ਵਾਂ

ਮੈਂ ਪੱਤੇ ਲਏ ਲਕੋਅ
ਵੇ ਤੇਰੇ ਜਿੱਤਣ ਲਈ
ਤੂੰ ਸਾਡੀ ਦੁੱਕੀ ਉਤੇ
ਯੱਕਾ ਕਰਦਾ ਆਉਨਾ ਵਾਂ

ਪ੍ਰਭ ਨਾਲ ਹੋਇਆ
ਤਾਂ ਬੇੜੀ ਪਾਰ ਲੰਘਾਏਂਗਾ
ਏਸੇ ਆਸ 'ਤੇ ਹੌਂਸਲਾ
ਪੱਕਾ ਕਰਦਾ ਆਉਨਾ ਵਾਂ

# ਕੀ ਕੁਝ ਨਹੀਂ ਹੋ ਸਕਦਾ

ਖਿੰਡੇ ਮੋਤੀ ਮਾਲਾ ਵਿੱਚ ਪਰੋ ਸਕਦਾ
ਕੋਈ ਦਾਗ਼ ਨਾ ਐਸਾ ਜੋ ਬੰਦਾ ਨਹੀਂ ਧੋ ਸਕਦਾ
ਰੱਬ ਹੈ ਸਾਡੇ ਨਾਲ ਭਰੋਸਾ ਰਾਜੇ ਨੂੰ
ਰੱਬ ਚਾਹਵੇ ਤਾਂ ਦੱਸ ਕੀ ਕੁਝ ਨਹੀਂ ਹੋ ਸਕਦਾ ?

# ਇੱਕ ਮਿੱਕ ਹੋ ਜਾਈਏ

ਆ ਜਾ ਫਿਰ ਇੱਕ ਮਿੱਕ ਹੋ ਜਾਈਏ
ਕਿ ਹੁਣ ਸਿਆਣੇ ਹੋ ਗਏ ਹੋਰ
ਜਦ ਇਕੱਠੇ ਸੀ ਸਮਝ ਨਾ ਪਾਏ
ਤੂੰ ਮੇਰਾ ਮਨ
ਮੈਂ ਤੇਰੇ ਬੋਲ

ਆ ਜਾ ਤੈਨੂੰ ਕੋਲ ਬਿਠਾਵਾਂ
ਤੇਰੀ ਓਰੇਂਜ਼ ਚਾਹ ਦਾ ਕੱਪ ਪਿਆਵਾਂ
ਕਿ ਕਰਨ ਨੂੰ ਬਹੁਤੀਆਂ ਗੱਲਾਂ
ਕੁਝ ਤੇਰੇ ਕੋਲ
ਕੁਝ ਮੇਰੇ ਕੋਲ

ਤੂੰ ਫਿਰ ਕੱਢ ਕੋਈ ਪਹਿਲਾ ਸ਼ਿਕਵਾ
ਮੈਂ ਦੱਸਾਂ ਕੱਲਿਆਂ ਕੱਟੀ ਕਿਸ'ਰ੍ਹਾਂ
ਕਿ ਅੰਦਰ ਕੋਈ ਰਹਿ ਨਾ ਜਾਵੇ
ਮੈਂ ਮਨ ਦੀ ਕਹਾਂ
ਤੂੰ ਦਿਲ ਦੀ ਖੋਲ੍ਹ

ਤੂੰ ਕੋਈ ਗ਼ਮ ਵਿੱਚ ਕਰੀ ਕਵਾਲੀ
ਦੱਸ ਕਿੰਝ ਮੇਰੀ ਯਾਦ ਸੰਭਾਲੀ
ਮੈਂ ਦੱਸਾਂ ਬਣ ਮਜ਼ਦੂਰ ਗ਼ਮਾਂ ਦਾ
ਮੈਂ ਕਿੰਝ ਤਾਰਿਆ
ਤੇਰਾ ਮੋਲ

ਮੈਂ ਮੰਗਾਂ ਤੇਰੇ ਕੋਲੋਂ ਮੁਆਫ਼ੀ
ਤੂੰ ਬੋਲੇਂ ਕਿ ਇਹ ਨਹੀਂ ਕਾਫ਼ੀ
ਫਿਰ ਮੈਂ ਤੈਨੂੰ ਗੀਤ ਸੁਣਾਵਾਂ
ਕਿ ਰਾਜਾ ਨਾ
ਏਦਾਂ ਰੋਲ

ਸਭ ਸ਼ਿਕਵੇ ਅਤੇ ਸ਼ਿਕਾਇਤ ਮਿਟਾ ਕੇ
ਗ਼ਮ ਤੇ ਦੁੱਖ ਨੂੰ ਦਿਲੋਂ ਭੁਲਾ ਕੇ
ਤੂੰ ਮੇਰੀ ਬੁੱਕਲ ਵਿੱਚ ਆ
ਮੈਂ ਪੱਟਾਂ ਤੇਰੀਆਂ
ਗੱਲ੍ਹਾਂ ਗੋਲ

ਤੂੰ ਜੋ ਮੈਨੂੰ ਏਦਾਂ ਮਿਲਿਆ
ਮੇਰੇ ਬਾਗੀਂ ਆ ਕੇ ਖਿਲਿਆ

ਮੈਂ ਪੱਕਾ ਮੋਤੀ ਪੁੰਨ ਕੀਤੇ
ਜਾਂ ਕੀਤੇ ਨੇ
ਚਿੱਟੇ ਚੌਲ

ਚਾਨਣ ਉੱਗੇ ਚੰਨ ਖਿੜ ਜਾਵੇ
ਪਿਆਰ ਦੀ ਫੇਰ ਮਹਿਕ ਛਿੜ ਜਾਵੇ
ਰਾਜੇ ਢਿੱਡੀਂ ਪੀੜਾਂ ਪੈ ਜਾਣ
ਮੈਂ ਹੱਸਾਂ
ਤੂੰ ਕਰੇਂ ਮਖੌਲ

ਕਿਸਮਤ ਐਸਾ ਖੇਡ ਰਚਾ ਦੇ
ਉਹਨੂੰ ਮੇਰੇ ਨਾਲ ਮਿਲਾ ਦੇ
ਮੈਂ ਅਹਿਸਾਸ ਇਹ ਅੱਜ ਫਿਰ ਲਿਖਤਾ
ਤੂੰ ਵੀ ਮੰਗ
ਮੈਨੂੰ ਰੱਬ ਦੇ ਕੋਲ

ਆ ਜਾ ਫਿਰ ਇੱਕ ਮਿੱਕ ਹੋ ਜਾਈਏ
ਕਿ ਹੁਣ ਸਿਆਣੇ ਹੋ ਗਏ ਹੋਰ

# ਦਿਲ ਦੀ ਗੱਲ

ਗੱਲ ਇਹ ਨਹੀਂ ਕਿ ਦਿਲ ਦੀ ਗੱਲ ਮੈਂ ਖੋਲ੍ਹੀ ਨਹੀਂ
ਗੱਲ ਇਹ ਹੈ ਤੂੰ ਗੌਰ ਨਾਲ ਕਦੇ ਫਰੋਲੀ ਨਹੀਂ
ਕਮਰੇ ਵਿੱਚ ਤਸਵੀਰ ਵੀ ਤੇਰੀ
ਪੱਥਰ ਹੋ ਗਈ ਲੱਗਦੈ
ਕਿੰਨੇ ਦੁਖੜੇ ਦੱਸੇ
ਚੰਦਰੀ ਬੋਲੀ ਈ ਨਹੀਂ ?

# ਬਿਰਹਾ ਸਾਡੇ ਵਿਹੜੇ

ਕਿਸੇ ਦੇ ਘਰ ਅੱਜ ਖੁਸ਼ੀਆਂ ਆਈਆਂ
ਕਿਸੇ ਨੇ ਦਰਦ ਸਹੇੜੇ
ਕਿਸੇ ਦੇ ਘਰ ਸ਼ਹਿਨਾਈ ਵੱਜੀ
ਕਿਸੇ ਨੇ ਅੱਥਰੂ ਕੇਰੇ
ਪਰ ਸਾਨੂੰ ਖੇਡਦਾ ਚੰਗਾ ਲੱਗੇ
ਬਿਰਹਾ ਸਾਡੇ ਵਿਹੜੇ

ਕਿਸੇ ਦੇ ਘਰ ਅੱਜ ਪੂਜਾ ਹੋਈ
ਕਿਸੇ ਰੱਬ ਨੂੰ ਮਾਰੇ ਮਿਹਣੇ
ਕਿਸੇ ਨੇ ਵੰਡੇ ਦਾਨ 'ਚ ਪੈਸੇ
ਕਿਸੇ ਨੇ ਕਰਜ਼ੇ ਦੇਣੇ
ਕਿਸੇ ਦੇ ਲਟਕੇ ਗਲ ਵਿੱਚ ਫਾਹਾ
ਤੇ ਕੋਈ ਖਾਵੇ ਪੇੜੇ
ਪਰ ਸਾਨੂੰ ਖੇਡਦਾ ਚੰਗਾ ਲੱਗੇ
ਬਿਰਹਾ ਸਾਡੇ ਵਿਹੜੇ

ਕਈ ਰੱਬ ਦਾ ਸ਼ੁਕਰਾਨਾ ਕਰ ਗਏ
ਤੇ ਕੋਈ ਆਪਣੇ ਦੁਖੜੇ ਰੋ ਗਿਆ

ਕਿ ਘਰ ਵਿੱਚ ਅੱਜ ਨਹੀਂ ਚੁੱਲ੍ਹਾ ਬਲਣਾ
ਕਿਸੇ ਮਾਂ ਦਾ ਪੁੱਤ ਸ਼ਹੀਦ ਹੋ ਗਿਆ
ਤੇ ਕਿਸੇ ਦੀ ਕਿਲਕਾਰੀ ਨੇ ਵੰਡੇ
ਕਿਸੇ ਘਰ ਵਿੱਚ ਡਾਹਢੇ ਖੇੜੇ
ਪਰ ਸਾਨੂੰ ਖੇਡਦਾ ਚੰਗਾ ਲੱਗੇ
ਬਿਰਹਾ ਸਾਡੇ ਵਿਹੜੇ

ਕਿਸੇ ਦਾ ਮਾਹੀ ਵਿੱਛੜ ਗਿਆ
ਤੇ ਕਿਸੇ ਨੇ ਅੱਜ ਵਿਆਹੁਣਾ
ਕਿਸੇ ਦੁਲਹੇ ਨੇ ਅੱਜ ਦੁਲਹਨ ਲਈ
ਘੋੜੀ ਚੜ੍ਹ ਕੇ ਆਉਣਾ
ਤੇ ਕਈ ਆਪਣੀ ਬਹੂ ਵਿਧਵਾ ਕਰ ਗਏ
ਚਿਖਾ 'ਚ ਸੜੇ ਨੇ ਜਿਹੜੇ
ਪਰ ਸਾਨੂੰ ਖੇਡਦਾ ਚੰਗਾ ਲੱਗੇ
ਬਿਰਹਾ ਸਾਡੇ ਵਿਹੜੇ

ਕਿਸੇ ਨੇ ਮੀਂਹ ਦੀ ਮਹਿਕ ਨੂੰ ਮਾਣਿਆ
ਕੋਈ ਆਪਣੀ ਫ਼ਸਲ ਨੂੰ ਰੋਇਆ
ਪੱਕੀ ਕੋਠੀ ਬਣੇ ਪਕੌੜੇ
ਕਿਸੇ ਦਾ ਛੱਪਰ ਚੋਇਆ
ਤੇ ਉਹ ਕੀ ਮੀਂਹ ਦੀ ਖ਼ੈਰ ਨੂੰ ਮੰਗਣ

ਜਿਨ੍ਹਾਂ ਦੇ ਖ਼ੁਰੇ ਬਨੇਰੇ
ਪਰ ਸਾਨੂੰ ਖੇਡਦਾ ਚੰਗਾ ਲੱਗੇ
ਬਿਰਹਾ ਸਾਡੇ ਵਿਹੜੇ

ਕਿਸੇ ਦਾ ਬਲ਼ਦ ਗਵਾਚਾ ਅੱਜ
ਤੇ ਕਿਸੇ ਦੀ ਸੂ ਪਈ ਗਾਂ
ਕਿਸੇ ਨੇ ਹਲ ਅੱਜ ਹੱਥ ਨਾਲ ਵਾਹਿਆ
ਕਿਸੇ ਵੱਛੀ ਰੱਖਿਆ ਨਾਂ
ਕਿਸੇ ਦੇ ਘਰ ਅੱਜ ਬੌਹਲ਼ੀ ਪੱਕੀ
ਕੋਈ ਗ਼ਮ ਦਾ ਗੱਡਾ ਰੇੜ੍ਹੇ
ਪਰ ਸਾਨੂੰ ਖੇਡਦਾ ਚੰਗਾ ਲੱਗੇ
ਬਿਰਹਾ ਸਾਡੇ ਵਿਹੜੇ

ਕੋਈ ਬੈਠਾ ਯਾਦ 'ਚ ਸੜਦਾ
ਤੇ ਕੋਈ ਬੈਠਾ ਮੌਜਾਂ ਮਾਣੇ
ਕਿਸੇ ਮਨਾਈ ਆਜ਼ਾਦੀ ਆਪਣੀ
ਕੋਈ ਬੈਠਾ ਹੋ ਨਿਮੋਝਾਣੇ
ਰਾਜੇ ਦਾ ਦਿਲ ਟੁੱਟ ਗਿਆ ਇਧਰ
ਤੇਰੇ ਭਾਅ ਦੇ ਹੋਏ ਨਿਬੇੜੇ
ਪਰ ਸਾਨੂੰ ਖੇਡਦਾ ਚੰਗਾ ਲੱਗੇ
ਬਿਰਹਾ ਸਾਡੇ ਵਿਹੜੇ।

# ਜਿਗਰ ਦੇ ਟੁਕੜੇ

ਜਿਹਨੂੰ ਅੱਖੀਆਂ ਲੱਭਣ ਦਰ ਦਰ 'ਤੇ
ਉਹ ਖੌਰੇ ਕਿਹੜੇ ਭੋਰੇ ਨੇ
ਉਹ ਕਾਹਦਾ ਸਾਥੋਂ ਦੂਰ ਹੋਏ
ਸਾਡੇ ਸਫ਼ੇ ਦਿਲਾਂ ਦੇ ਕੋਰੇ ਨੇ

ਤੇਰੇ ਨਾਲ ਜੋ ਸਾਡਾ ਨਾਤਾ ਸੀ
ਉਹਦੀ ਲਾਜ ਮੈਂ ਉਵੇਂ ਰੱਖੀ ਏ
ਅਸਾਂ ਅੱਜ ਵੀ ਆਸਾਂ ਰੱਖੀਆਂ ਉਸ ਤੋਂ
ਜਿਸ ਰੱਬ ਨੇ ਪਾਏ ਵਿਛੋੜੇ ਨੇ

ਜਿਗਰਾ ਕਿੰਝ ਹੈ ਕਰਨਾ
ਸਿੱਖੋ ਰਾਜੇ ਤੋਂ
ਤੈਨੂੰ ਸਾਥੋਂ ਸੋਹਣਾ ਚਾਹੁਣ ਵਾਲਾ
ਮਿਲ ਜਾਵੇਗਾ
ਮੈਂ ਕਹਿ ਕਹਿ ਆਪਣੇ
ਜਿਗਰ ਦੇ ਟੁਕੜੇ ਤੋਰੇ ਨੇ।

# ਸੱਜਣ

ਨਕਸ਼ ਨੇ ਕਿੰਨੇ ਚੋਖੇ ਮੇਰੇ ਸੱਜਣ ਦੇ
ਬੁੱਲ੍ਹ ਤੇ ਦੰਦ ਅਨੋਖੇ ਮੇਰੇ ਸੱਜਣ ਦੇ

ਭੂਰੀ ਅੱਖ ’ਚੋਂ ਉਸ ਨੇ ਤੀਰ ਚਲਾਇਆ ਏ
ਪਾਸੇ ਹਟ ਓਏ ਸੀਨੇ ਦੇ ਵਿੱਚ ਵੱਜਣ ਦੇ

ਸਿੱਕ ਦੀ ਅੱਗ ਜਿਹੀ ਰਾਹਤ ਲੈ ਕੇ ਆਈ ਏ
ਸੇਕਣ ਦੇ ਕਿ ਦਿਨ ਆ ਗਏ ਨੇ ਫੱਗਣ ਦੇ

ਹੁੰਦੀਆਂ ਨੇ ਬਰਬਾਦ ਤਾਂ ਕੁੱਲੀਆਂ ਹੋ ਲੈਣ ਦੇ
ਰੁੱਕ ਜਾ ਰੱਬਾ ਪਿਆਰ ਹਨ੍ਹੇਰੀ ਵਗਣ ਦੇ

ਦਿਲਾ ਨਾ ਕਰੀਂ ਖ਼ਜ਼ਾਨੇ ਖਾਲੀ ਪਿਆਰਾਂ ਦੇ
ਜਿੰਨਾ ਉਹਨੇ ਠੱਗਣਾ ਉਹਨੂੰ ਠੱਗਣ ਦੇ

ਬੱਦਲੀ ਪਿਆਰਾਂ ਦੀ ਉਹ ਬਣ ਕੇ ਬਰਸ ਰਹੀ
ਸੁਰ ਨੇ ਬੜੇ ਸੁਰੀਲੇ ਇਹਨੂੰ ਗੱਜਣ ਦੇ

ਜ਼ਾਲਮ ਨੇ ਉਹ ਕਹਿੰਦੇ ਨੇ ਜੋ ਮਿੱਟੀ ਪਾਓ
ਇਹ ਪਿਆਰ ਦੀ ਗੱਲ ਹੈ ਸੱਜਣਾ ਇਹਨੂੰ ਮਘਣ ਦੇ

ਰਾਹ ਭੁੱਲ ਗਏ ਸੱਜਣ ਸਾਡੀ ਗਲ਼ੀ ਜੋ ਆਏ ਨੇ
ਪੈਰ ਨਾ ਪਿੱਛੇ ਪੱਟੀਂ ਅੱਗੇ ਵਧਣ ਦੇ

ਕੋਝਾ ਕਮਲਾ ਐਵੇਂ ਬਣਿਆ ਫਿਰਦਾ ਸਾਂ
ਅੱਜ ਦੀਦ ਹੈ ਹੋਣੀ ਸਾਨੂੰ ਸੱਜਣ ਦੇ

ਚਿਰਾਂ ਤੋਂ ਮੇਰਾ ਵੈਰੀ ਬਣਿਆਂ ਬੈਠਾ ਸੀ
ਅੱਜ ਬਿਰਹੋਂ ਦੀ ਲਾਸ਼ ਤੂੰ ਮੈਨੂੰ ਦੱਬਣ ਦੇ

ਕੀ ਜ਼ੁਲਮ ਏ ਜਿਹੜਾ ਨੀਵੀਂ ਪਾ ਕੇ ਲੰਘ ਜਾਵੇ
ਨੈਣਾਂ ਦੇ ਜੋ ਜੁਗਨੂੰ ਇਹਨਾਂ ਜਗਣ ਦੇ

ਕਿ ਮੌਤ ਬਣੀ ਉਹ ਮੂਹਰੇ ਅੱਜ ਖਲੋਤੀ ਏ
ਰਾਜੇ ਨੂੰ ਤੂੰ ਭੱਜ ਕੇ ਗਲ਼ ਨਾਲ ਲੱਗਣ ਦੇ

ਭੂਰੀ ਅੱਖ ਚੋਂ ਉਸਨੇ ਤੀਰ ਚਲਾਇਆ ਏ
ਪਾਸੇ ਹਟ ਓਏ ਸੀਨੇ ਦੇ ਵਿੱਚ ਵੱਜਣ ਦੇ।

# ਸ਼ੱਕੀ

ਕਿੰਝ ਚੀਰ ਦਿਖਾਵਾਂ ਸੀਨੇ ਨੂੰ
ਰੂਹਦਾਰੀ ਉਸ ਨਾਲ ਪੱਕੀ ਏ
ਮੈਂ ਭੀੜ 'ਚ ਜਾਣਾ ਛੱਡ ਦਿੱਤਾ
ਮੇਰਾ ਯਾਰ ਥੋੜ੍ਹਾ ਜਿਹਾ ਸ਼ੱਕੀ ਏ।

# ਪਿੱਟਦਾ ਰਹਿੰਨਾ ਵਾਂ

ਮੈਂ ਜੋ ਇੰਝ ਰਾਤਾਂ ਨੂੰ
ਪਿੱਟਦਾ ਰਹਿੰਨਾ ਵਾਂ
ਐਡੇ ਐਡੇ ਅੱਥਰੂ
ਸੁੱਟਦਾ ਰਹਿੰਨਾ ਵਾਂ

ਸੁਪਨਾ ਵੇਖਣਾ ਚਾਹਵਾਂ
ਨੀਂਦਰ ਆਉਦੀਂ ਨਹੀਂ
ਖੁੱਲ੍ਹੀ ਅੱਖ ਨੂੰ ਤੂਹੀਉਂ
ਡਿੱਠਦਾ ਰਹਿੰਨਾ ਵਾਂ

ਤੇਰੀ ਯਾਦ ਤੋਂ ਵੇਖ ਖਾਂ
ਕਿਸਰਾਂ ਭੱਜਦਾ ਵਾਂ
ਮੈਂ ਵਿਹਲਾ ਵੀ
ਕੰਮ ਨਜਿੱਠਦਾ ਰਹਿੰਨਾ ਵਾਂ

ਤੇਰੀ ਮੈਂ ਤਸਵੀਰ 'ਚ
ਰੰਗ ਨਿੱਤ ਭਰ ਦੇਵਾਂ
ਆਪ ਪੁਰਾਣੀ ਫੋਟੋ ਵਾਂਗੂੰ
ਫਿੱਟਦਾ ਰਹਿੰਨਾ ਵਾਂ

ਦੁੱਖ ਵੀ ਹੁਣ ਆਰਾਮ ਜਿਹਾ
ਦੇਵਣ ਲੱਗ ਪਏ ਨੇ
ਤਾਹੀਂ ਕੰਡਿਆਂ ਉਤੇ
ਲਿੱਟਦਾ ਰਹਿੰਨਾ ਵਾਂ

ਛੱਜੀਂ ਪਾ ਕੇ
ਗਮਾਂ ਦੇ ਦਾਣੇ
ਹਾੜ੍ਹ ਦੀ ਧੁੱਪੇ ਬਲਦਾ
ਛਿੱਟਦਾ ਰਹਿੰਨਾ ਵਾਂ

ਰਾਜਾ ਪੰਨੀਂ ਵਾਹਵੇ
ਤੈਨੂੰ ਅੱਖਰਾਂ ਨਾਲ
ਆਪ ਮੈਂ ਭੋਰਾ ਭੋਰਾ
ਮਿੱਟਦਾ ਰਹਿੰਨਾ ਵਾਂ।

# ਕਲਯੁੱਗ

ਇੱਕ ਅਹਿਸਾਸ ਨੇ ਫਿਰ ਅੱਜ ਮਨ ਨੂੰ
ਕੀਲ ਲਿਆ
ਕੋਈ ਚੰਗਾ ਕਰਮ ਨਹੀਂ ਕੀਤਾ ਆਪਣੀ
ਸੁੱਧ ਬੁੱਧ ਵਿੱਚ
ਸੋਚੇ ਰਾਜਾ ਕਿਹੜਾ ਪਾਪ ਕਮਾਇਆ ਏ
ਜੋ ਚਾਰ ਯੁੱਗਾਂ 'ਚੋਂ ਜਨਮ ਲਿਆ
ਕਲਯੁੱਗ ਦੇ ਵਿੱਚ

ਇੱਥੇ ਪਾਪ ਦਾ ਵਾਸ ਹੈ ਕੋਈ ਵਿਨਾਸ਼ ਨਹੀਂ
ਅੱਜ ਕੱਲ ਆਪਣੇ ਮਨ 'ਤੇ ਵੀ ਵਿਸ਼ਵਾਸ ਨਹੀਂ
ਥਾਂ ਥਾਂ ਧੱਕੇ ਖਾਂਦੇ ਫਿਰਦੇ ਲੋਕੀਂ ਨੇ
ਰੱਬ ਨਹੀਂ ਲੱਭਦਾ ਰੱਬ ਦਾ ਏਥੇ ਵਾਸ ਨਹੀਂ
ਲੱਗਦਾ ਏ ਚੰਗਿਆਈ ਨੇ ਹਾਰਾਂ ਮੰਨ ਲਈਆਂ
ਮਨ ਅੰਦਰ ਲੱਗੇ ਕਿਸੇ ਸ਼ੈਤਾਨ ਨਾਲ
ਯੁੱਧ ਦੇ ਵਿੱਚ
ਸੋਚਾਂ ਕਿ ਮੈਂ ਕਿਹੜਾ ਪਾਪ ਕਮਾਇਆ ਏ
ਜੋ ਚਾਰ ਯੁੱਗਾਂ 'ਚੋਂ ਜਨਮ ਲਿਆ
ਕਲਯੁੱਗ ਦੇ ਵਿੱਚ

ਇੱਥੇ ਮਾਵਾਂ ਬੱਚਿਆਂ ਝੂਠ ਦਾ ਪਾਠ ਪੜ੍ਹਾ ਦਿੱਤਾ
ਇੱਥੇ ਕੰਮ ਕਢਾਉਣਾ ਕਿੰਝ ਏ ਬਾਪ ਸਿਖਾ ਦਿੱਤਾ
ਸਾਡੇ ਪੁੱਤ ਦੀ ਉਮਰ ਲੰਮੇਰੀ ਹੋਵੇ ਜੀ
ਕਿਸੇ ਬੇਜ਼ੁਬਾਨ ਨੂੰ ਐਵੇਂ ਈ ਬਲੀ ਚੜ੍ਹਾ ਦਿੱਤਾ
ਜਿੱਥੇ ਕਰ ਇਸ਼ਨਾਨ ਕਈ ਕੋਹੜੀ ਰਾਜ਼ੀ ਹੋ ਗਏ ਨੇ
ਲੋਕਾਂ ਕੂੜਾ ਭਰ ਦਿੱਤਾ ਏ
ਗੰਗਾ ਸ਼ੁੱਧ ਦੇ ਵਿੱਚ
ਸੋਚਾਂ ਕਿ ਮੈਂ ਕਿਹੜਾ ਪਾਪ ਕਮਾਇਆ ਏ
ਜੋ ਚਾਰ ਯੁੱਗਾਂ 'ਚੋਂ ਜਨਮ ਲਿਆ
ਕਲਯੁੱਗ ਦੇ ਵਿੱਚ

ਹੁਣ ਜਨਮ ਨੂੰ ਛੱਡ ਕਈ ਇੱਕ ਉਮਰ ਵੀ
ਟਿੱਕਦੇ ਨਹੀਂ
ਅੱਜ ਕੱਲ੍ਹ ਸ਼ਿਵ ਤੇ ਪਾਰਵਤੀ ਜਿਹੇ ਰਿਸ਼ਤੇ ਨਹੀਂ
ਕੋਈ ਰਾਮ ਨਹੀ ਰੱਖਿਆ ਕਰਦਾ ਹੁਣ
ਮਾਈ ਸੀਤਾ ਦੀ
ਅੱਜ ਕੱਲ੍ਹ ਰਾਧਾ-ਕ੍ਰਿਸ਼ਨ ਕਿਸੇ 'ਚੋਂ ਦਿਸਦੇ ਨਹੀਂ
ਹੁਣ ਹੀਰਾਂ ਘਿਉ ਦੀ ਚੂਰੀ ਕੁੱਟ
ਖਵਾਉਂਦੀਆਂ ਨਹੀਂ
ਅੱਜ ਕੱਲ ਜ਼ਹਿਰ ਮਿਲਾਈ ਜਾਂਦੀ

ਦੁੱਧ ਦੇ ਵਿੱਚ
ਸੋਚਾਂ ਕਿ ਮੈਂ ਕਿਹੜਾ ਪਾਪ ਕਮਾਇਆ ਏ
ਜੋ ਚਾਰ ਯੁੱਗਾਂ 'ਚੋਂ ਜਨਮ ਲਿਆ
ਕਲਯੁੱਗ ਦੇ ਵਿੱਚ।

# ਕਾਰਨ ਇਹੀ ਏ

ਏਸੇ ਗੱਲ ਤੋਂ ਡਰਦੇ ਆਂ
ਤੇ ਮਰਦੇ ਨਹੀਂ
ਤੈਨੂੰ ਦੇਖਣ ਬਾਝੋਂ
ਮਰਨਾ ਔਖਾ ਹੋ ਜਾਣਾ

ਤੇਰੀ ਗਲੀ ਜੇ ਹੁਣ ਨਹੀਂ ਆਉਂਦਾ
ਕਾਰਨ ਇਹੀ ਏ
ਜੇ ਹੌਲ ਪੈ ਗਿਆ
ਜਰਨਾ ਔਖਾ ਹੋ ਜਾਣਾ

# ਇਸ਼ਕ ਹਕੀਕੀ

ਇਸ਼ਕ ਹਕੀਕੀ ਦੀਆਂ ਕਿਤਾਬਾਂ
ਪੜ੍ਹ ਪੜ੍ਹ ਮੱਥੇ ਪਾਈਆਂ
ਇਸ਼ਕ ਪੜ੍ਹ ਲਿਆ ਸਾਨੂੰ ਨਾ
ਕਰਨੇ ਦੀਆਂ ਅਕਲਾਂ ਆਈਆਂ

ਰਾਂਝੇ ਵਾਂਗਰ
ਸਬਰ ਜੇ ਹੁੰਦਾ
ਤਾਂ ਅਸਾਂ ਮੱਝੀਆਂ
ਨਾ ਚਰਾ ਲੈਂਦੇ

ਸੋਹਣੀਏ ਤੈਨੂੰ
ਭੁੱਖ ਲੱਗਦੀ ਜੇ
ਨਾ ਅਸੀਂ ਪੱਟ ਦਾ
ਮਾਸ ਖਵਾ ਦੇਂਦੇ

ਜੇ ਮਿਰਜ਼ੇ ਵਾਂਗ
ਬਹਾਦਰ ਹੁੰਦੇ
ਤਾਂ ਕਿਉਂ ਅਸੀਂ
ਢੇਰੀਆਂ ਢਾਹ ਦੇਂਦੇ

ਜੇ ਮਾਈ ਮੀਰਾਂ ਤੋਂ
ਗੁਣ ਲੈਂਦੇ
ਤਾਂ ਅਸੀਂ ਪੱਥਰ
ਬੋਲਣ ਲਾ ਦੇਂਦੇ

ਰਾਜੇ ਜੇਕਰ
ਨੱਚਣਾ ਆਉਂਦਾ
ਤਾਂ ਨੱਚ ਕੇ
ਯਾਰ ਮਨਾ ਲੈਂਦੇ

# ਟੂਣਾ ਟੋਟਕਾ

ਕੋਈ ਟੂਣਾ ਟੋਟਕਾ ਦੱਸ ਤੂੰ ਜਾਂਦੇ ਰਾਹੀਆ ਵੇ
ਸਾਡਾ ਮਾਹੀ ਵਿੱਛੜ ਗਿਆ ਬੋਲਦਾ ਨਹੀਂ
ਅਸੀਂ ਧੁੱਖ ਧੁੱਖ ਕੋਲੇ ਵਾਂਗ ਹੋ ਗਏ
ਸਾਡਾ ਦਿਲ ਵੀ ਦੁਖੜੇ ਫਰੋਲਦਾ ਨਹੀਂ

ਕੋਈ ਆਣ ਮਿਲਾਵੇ ਸੱਚੇ ਯਾਰ ਨੂੰ ਵੇ
ਕਿਤੋਂ ਭਾਗ ਲੱਗ ਜਾਣ ਮੇਰੇ ਪਿਆਰ ਨੂੰ ਵੇ
ਜਿਊਂਦੇ ਜਾਗਦਿਆਂ ਦੀ ਕੋਈ ਸਾਰ ਪੁੱਛ ਲੈ
ਕੁਝ ਗੱਲਾਂ ਦੱਸਣੀਆਂ ਨੇ ਜਾਂਦੀ ਵਾਰ ਨੂੰ ਮੈਂ

# ਸੁੱਖਾਂ

ਕੀ ਦੱਸੀਏ ? ਜੋ ਮਨ ਵਿੱਚ ਭੁੱਖਾਂ ਰਹਿ ਗਈਆਂ
ਸਾਡੀਆ ਸੁੱਖਾਂ ਸੁੱਖੀਆਂ ਸੁੱਖਾਂ ਰਹਿ ਗਈਆਂ

ਦਿਲ ਦੇ ਵਿੱਚ ਅਰਮਾਨ ਹਜੇ ਕੁਝ ਬਾਕੀ ਨੇ
ਜਿਉਂ ਕੁਝ ਪੱਤੀਆਂ ਸੁੱਕੇ ਰੁੱਖਾਂ ਰਹਿ ਗਈਆਂ

ਤੇਰੇ ਹਿੱਸੇ ਛਾਂ ਦੀ ਦੁਆ ਕਬੂਲ ਹੋਵੇ
ਕੀ ਹੋਇਆ ਜੇ ਸਾਡੇ ਧੁੱਪਾਂ ਰਹਿ ਗਈਆਂ

ਤੇਰੇ ਕੋਲ ਸੀ ਆਇਆ ਦਿਲ ਦੀ ਗੱਲ ਬੋਲਣ
ਪਰ ਚੰਦਰੇ ਇਸ ਮੂੰਹ 'ਤੇ ਚੁੱਪਾਂ ਰਹਿ ਗਈਆਂ

ਸੋਚਾਂ ਮੇਰੀਆਂ ਚਿੱਠੀਆਂ ਕਿੱਥੇ ਹੋਣਗੀਆਂ
ਤੇਰੇ ਵਾਲੀਆਂ ਵਿੱਚ ਸੰਦੂਖਾਂ ਰਹਿ ਗਈਆਂ

ਤੇਰੇ ਹਾਸੇ ਖੇੜੇ 'ਤੇ ਦਿਨ ਚੜ੍ਹ ਜਾਵਣ
ਸਾਡੇ ਪੱਲੇ ਰਾਤ ਤੇ ਹੂਕਾਂ ਰਹਿ ਗਈਆਂ

ਜ਼ਿੰਦਗੀ ਦੇ ਵਿੱਚ ਇੰਝ ਸੰਨਾਟਾ ਛਾਇਆ ਏ
ਜਿਵੇਂ ਬਾਰੂਦ ਬਗੈਰ ਬੰਦੂਖਾਂ ਰਹਿ ਗਈਆਂ

ਕਿੰਨੇ ਚਾਅ ਸੀ ਰਾਜੇ ਦੇ ਜੋ ਮਾਰ ਲਏ
ਕੁਝ ਸੱਧਰਾਂ ਦਿਲ ਦੇ ਵਿੱਚ ਮਲੂਕਾਂ ਰਹਿ ਗਈਆਂ

ਮੱਲ੍ਹਮ ਦੀ ਨਾ ਆਸ ਤੇ ਨਾ ਖੁਆਇਸ਼ ਏ
ਸਾਡੇ ਜਖ਼ਮੀਂ ਦਰਦ ਦੀਆਂ ਫੂਕਾਂ ਰਹਿ ਗਈਆਂ

ਇਹ ਸਾਉਣ ਮਹੀਨੇ ਪੱਤਝੜ ਤੈਨੂੰ ਰਾਸ ਰਹੇ
ਸਾਡੇ ਭਾਅ ਦੀਆਂ ਕਾਹਦੀਆਂ ਰੁੱਤਾਂ ਰਹਿ ਗਈਆਂ

ਕੀ ਦੱਸੀਏ ਜੋ ਮਨ ਵਿੱਚ ਭੁੱਖਾਂ ਰਹਿ ਗਈਆਂ
ਸਾਡੀਆਂ ਸੁੱਖਾਂ ਸੁੱਖੀਆਂ ਸੁੱਖਾਂ ਰਹਿ ਗਈਆਂ

ਘੋਰ ਹਨੇਰੇ ਦਿਲ ਮੇਰੇ ਦੀਆਂ ਗੱਲਾਂ ਨੀ
ਮੇਰੇ ਈ ਕੰਨ ਦੇ ਵਿੱਚ ਆ ਕੇ ਕੁਝ ਕਹਿ ਗਈਆਂ

ਜ਼ਿੰਦਗੀ ਦੇ ਝੱਖੜਾਂ 'ਤੇ ਜ਼ੋਰ ਹੈ ਕਿਸਦਾ ਨੀ
ਕੁਝ ਹਨ੍ਹੇਰੀਆਂ ਨੇ ਜੋ ਸਾਡੀਆਂ ਖੁਸ਼ੀਆਂ ਲੈ ਗਈਆਂ

ਸਾਡੀਆਂ ਰੂਹਾਂ ਵਿੱਚ ਵੀ ਰੱਬ ਤਾਂ ਵੱਸਦਾ ਏ
ਗੱਲ ਆਮ ਨਹੀਂ ਜੋ ਹੱਡ-ਬੀਤੀਆਂ ਸਹਿ ਗਈਆਂ

ਕੀ ਦੱਸੀਏ ਜੋ ਮਨ ਵਿੱਚ ਭੁੱਖਾਂ ਰਹਿ ਗਈਆਂ
ਸਾਡੀਆਂ ਸੁੱਖਾਂ ਸੁੱਖੀਆਂ ਸੁੱਖਾਂ ਰਹਿ ਗਈਆਂ

ਜੋੜਾ ਚਿੜੀਆਂ ਦਾ ਜੋ ਦੇਖ ਮੈਂ ਰੋਇਆ ਨੀਂ
ਇਹ ਵੀ ਮੇਰਾ ਦੁੱਖ ਸੁਣਨ ਨੂੰ ਬਹਿ ਗਈਆਂ

ਪੁੱਛਣ ਲੱਗੀਆਂ ਕਿਉਂ ਗਲੇਡੂ ਸੁੱਟਿਆ ਏ
ਕਿਹੜੀ ਗੱਲੋਂ ਯਾਰ ਜੁਦਾਈਆਂ ਪੈ ਗਈਆਂ

ਵਿੱਥਿਆ ਦੱਸੀ ਸ਼ਾਇਦ ਦਿਲਾਸੇ ਦਿੰਦੀਆਂ ਸੀ
ਮੇਰੇ ਕੰਨੀਂ ਆ ਕੇ ਚੀਂ ਚੀਂ ਕਹਿ ਗਈਆਂ

ਭਰੀ ਉਡਾਰੀ ਤੇਰੇ ਘਰ ਦੇ ਮੁੱਖ ਵੱਲ ਨੂੰ
ਸੋਚਾਂ ਖੌਰੇ ਕੋਈ ਸੁਨੇਹਾ ਲੈ ਗਈਆਂ

ਤੇਰੇ ਮਹਿਲੀਂ ਪੱਕੀ ਪੋਥੀ ਫੇਰਾਂ ਨੀ
ਕੱਚ ਦੀਆਂ ਕੰਧਾਂ ਸਾਡੀਆਂ ਸੀ ਜੋ ਢਹਿ ਗਈਆਂ

ਦਿਲ ਦਾ ਵਿਹੜਾ ਇੰਝ ਵਿਰਾਨਾ ਹੋਇਆ ਏ
ਜਿਉਂ ਮਾਵਾਂ ਦੀਆਂ ਖਾਲੀ ਕੁੱਖਾਂ ਰਹਿ ਗਈਆਂ

ਕੀ ਦੱਸੀਏ ਜੋ ਮਨ ਵਿੱਚ ਭੁੱਖਾਂ ਰਹਿ ਗਈਆਂ
ਸਾਡੀਆਂ ਸੁੱਖਾਂ ਸੁੱਖੀਆਂ ਸੁੱਖਾਂ ਰਹਿ ਗਈਆਂ

# ਫਰਿਸ਼ਤਾ

ਅੰਬਰੋਂ ਇੱਕ ਫਰਿਸ਼ਤਾ ਆਇਆ
ਧਰਤੀ ਉੱਤੇ ਲੱਭਾਂ ਉਹਨੂੰ

ਜੇ ਕੋਈ ਉਸਦੀ ਸੂਹ ਦੇ ਦੇਵੇ
ਦਿਲ ਦਾ ਦਿਆਂ ਮੁਰੱਬਾ ਉਹਨੂੰ

ਉਹ ਤਾਂ ਮੇਰੇ ਲੂੰ ਲੂੰ ਵੱਸਦੀ
ਮੈਂ ਵੀ ਜੇਕਰ ਫੱਬਾਂ ਉਹਨੂੰ ?

ਚੰਨੋ ਚਿੱਟਾ ਮੁੱਖ ਹੈ ਉਸਦਾ
ਪਿਆਰ ਦਾ ਲਾਵਾਂ ਧੱਬਾ ਉਹਨੂੰ

ਜਿਹੜਾ ਉਹਦੇ ਰਾਹ ਪੈ ਜਾਵੇ
ਕੀ ਐ ਸੱਜਾ ਖੱਬਾ ਉਹਨੂੰ

ਤੋਹਫ਼ਾ ਨਾ ਕੋਈ ਰਾਜੇ ਕੋਲੇ
ਹੰਝੂਆਂ ਦਾ ਦਿਆਂ ਥੱਬਾ ਉਹਨੂੰ

ਸਾਡੀ ਰੂਹ ਤੜਪਾਵੇਂ ਕਾਹਤੋਂ
ਤੂੰ ਕਿਉਂ ਬਣਾਇਆ ਰੱਬਾ ਉਹਨੂੰ ?

ਅੰਬਰੋਂ ਇੱਕ ਫਰਿਸ਼ਤਾ ਆਇਆ
ਧਰਤੀ ਉੱਤੇ ਲੱਭਾਂ ਉਹਨੂੰ

# ਇੱਕ ਸਵਾਲ ?

ਕੀ ਮੈਂ ਸਿਧਾਂਤਹੀਣ ਹਾਂ ?
ਜਾਂ ਮੈਂ ਭਾਵਹੀਣ ਹਾਂ ?
ਕੀ ਮੈਂ ਦਿਲਹੀਣ ਹਾਂ ?
ਜਾਂ ਦਿਮਾਗ਼ਹੀਣ ਹਾਂ ?

# ਪੰਨੇ

ਤੂੰ ਆ ਸਾਡੇ ਦਿਲ ਅੰਦਰ ਕਦੇ ਤਾਂ ਝਾਕੀ ਦੇ
ਸਾਡੇ ਹੰਭੇ ਹਾਰੇ ਪਿਆਰ ਨੂੰ ਕਦੇ ਤਾਂ ਥਾਪੀ ਦੇ

ਜੋ ਦੁੱਖ ਦਿੱਤੇ ਤੂੰ ਉਸਦਾ ਗਿਲਾ ਤਾਂ ਕੋਈ ਨਹੀਂ
ਉੱਤੋਂ ਆਖ ਗਿਆਂ ਏ ਇਸਨੂੰ ਆਰਾਮ ਵੀ ਆਪੀ ਦੇ

ਕੁਝ ਐਸੀ ਹਾਲਤ ਹੋ ਗਈ ਤੇਰੇ ਮਗਰੋਂ ਨੀਂ
ਅੱਜ ਮੈਂ ਨਹੀਂ ਰੋਇਆ ਅੱਥਰੂ ਡਿੱਗ ਪਏ ਸਾਕੀ ਦੇ

ਤਨ ਮੈਂ ਤੇਰੇ ਨਾਮ ਸੀ ਇੱਕ ਦਿਨ ਕਰ ਦਿੱਤਾ
ਅੱਜ ਸਾਹ ਵੀ ਕਰਦਾਂ ਜੋ ਰਹਿ ਗਏ ਨੇ ਬਾਕੀ ਦੇ

ਤੂੰ ਯਕੀਨ ਦੀ ਚੁੱਭੀ ਪਿਆਰ ਦੇ ਸਾਗਰ ਲਾ ਸੱਜਣਾ
ਫੱਟੀਆਂ ਨਾਲ ਨਹੀਂ ਕਦੇ ਸਮੁੰਦਰ ਨਾਪੀ ਦੇ

ਕਿੰਝ ਆਵਾਂ ਤੈਨੂੰ ਮਿਲਣ ਸਮਝਾਂ ਆਉਂਦੀਆਂ ਨਹੀਂ
ਦਰਬਾਨ ਜ਼ਾਲਮ ਨੇ ਤੇਰੇ ਮਹਿਲ ਦੀ ਰਾਖੀ ਦੇ

ਕੋਈ ਦੋਸ਼ ਤੇਰੇ 'ਤੇ ਨਾ ਕਿਸਮਤ 'ਤੇ ਹਾਣ ਦੀਏ
ਕੁਝ ਕਰਮ ਨੇ ਅੱਗੇ ਆਏ ਅੱਜ ਇਸ ਪਾਪੀ ਦੇ

ਤੇਰੀ ਯਾਦ ਨੂੰ ਲਿਖਦਿਆਂ ਦਿਲ ਇਹ ਰੱਜਿਆ ਨਹੀਂ
ਉਂਝ ਪੰਨੇ ਭਰ ਗਏ ਅੱਜ ਰਾਜੇ ਦੀ ਕਾਪੀ ਦੇ।

ਬਿਰਹਾ ਸਾਡੇ ਗ਼ਲ ਵਿਚ ਲਟਕੇ
ਬਿਰਹਾ ਸਾਡੇ ਅੱਖੀਂ
ਖੁਸ਼ੀਆਂ ਤੇਰੇ ਹੱਕ ਵਿਚ ਬੋਲਣ
ਬਿਰਹਾ ਸਾਡੇ ਪੱਖੀਂ
ਹੰਝੂ ਰੁੱਕਦੇ ਨਹੀ ਮੈਂ ਤੇਰੇ
ਖੱਤ ਨੇ ਜਦ ਵੀ ਛੇੜੇ
ਪਰ ਸਾਨੂੰ ਖੇਡਦਾ ਚੰਗਾ ਲੱਗੇ
ਬਿਰਹਾ ਸਾਡੇ ਵਿਹੜੇ



ISBN : 978-81-971843-0-7
9 788197 184307
Price : ₹